628
ਕਿਰਤ ਸਿੰਘ

6289

Original with:
Language Department Punjab
Digitized by:
Panjab Digital Library

628
ਕਿਰਤ ਸਿੰਘ

੬੨੬੯

Original with:
Language Department Punjab
Digitized by:
Panjab Digital Library

262—3-4-61—30,000—C. P. and S. Pb. Patiala.
Accn. No. ________
Class No. ______ Book No. ________

# LANGUAGE DEPARTMENT LIBRARY, PUNJAB.

1. Books are issued for............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

Originated with:
Language Department Punjab
Digitized by:
Panjab

ਕਿਰਤ ਸਿੰਘ

।

ਮੇਲਾ ਵਿਸਾਖ ਦਾ ਤਾ

*Original with:*
Language Department Punjab
*Digitized by:*
Panjab Digital Library

ਸਭ ਹਕ ਰਾਖਵੇਂ ਹਨ ਮਾਲਕ ਦੀ ਮੋਹਰ ਬਿਨਾਂ
ਮਾਲ ਚੋਰੀ ਦਾ ਸਮਝੋ

# ਕਿਕਰ ਸਿੰਘ

**ਦੇ**

# ਜੀਵਨ ਸਮਾਚਾਰ

ਜਿਸਨੂੰ

## ਮੁਨਸ਼ੀ ਮੌਲਾ ਬਖਸ਼ ਕੁਸ਼ਤਾ

ਕਰਤਾ

## ਹੀਰ ਰਾਂਝਾ

ਦਾਬ ਖਟੀਕਾਂ ਸ਼ਹਿਰ ਅੰਮ੍ਰਿਤਸਰ ਨੇ
ਬੜੀ ਕੋਸ਼ਸ਼ ਤੇ ਜਤਨ ਨਾਲ ਭਾਲ ਕਰਕੇ ਅਕੱਤ੍ਰ
ਕੀਤਾ ਹੈ

ਪੰਜਾਬ ਕੁਮਰਸ਼ਲ ਪ੍ਰੈਸ ਅੰਮ੍ਰਿਤਸਰ ਵਿਚ ਭਾਈ
ਰਲਾ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ ॥

੧੦੦੦

LIBRARY
A.C.C. No.
PATIALA

Original with: Language Department Punjab
Digitized by: Panjab Digital Library

# ਕੇਸ ਨਿਖਾਰ ਚੂਰਨ

ਇਹ ਪ੍ਰੀਖਯਕ ਤੇ ਪ੍ਰਸਿਧ ਚੂਰਨ ਜੋ ਕਿ ਕੇਸਾਂ ਦੀ ਮੈਲ ਅਰ ਸਿਕਰੀ ਨੂੰ ਦੂਰ ਕਰਕੇ ਲੀਖਾਂ ਤੇ ਜੂਆਂ ਨੂੰ ਮਾਰ ਕੇ ਕੇਸਾਂ ਨੂੰ ਨਰਮ ਅਤ ਲੰਮਿਆਂ ਕਰਦਾ ਹੈ। ਇਕ ਪੈਕਟ ਜਿਸ ਵਿਚ ੧੬ ਵਾਰੀ ਧੋਣ ਲਈ ਕਾਫੀ ਹੈ ਮੁਲ ।)

ਪਤਾ–

## ਮੈਨੇਜਰ ਅਮਰ ਪ੍ਰਕਾਸ ਏਜੰਸੀ

62869 ਅੰਮਰਤਸਰ

# "ਬਾਲ ਸੁਧਾਰ ਫੁਲਵਾੜੀ"

ਪੰਜਾਬੀ ਦੀ ਸਿਖਿਆ ਦਾਇਕ ਪੁਸਤਕ ਜਿਸਨੂੰ ਸਰਿਸਤਾ ਤਾਲੀਮ ਪੰਜਾਬ ਦੇ ਡਾਇਰੈਕਟਰ ਬਹਾਦਰ ਨੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਨ ਲਈ ਪਰਵਾਨ ਕੀਤਾ ਹੈ ਹੇਠ ਲਿਖੇ ਪਤੇ ਤੇ ਮੰਗਾਓ ॥

## ਮਾਸਟਰ ਜਗਤ ਸਿੰਘ ਗਿਆਨੀ

ਹਕੀਮ ਚੌਂਕ ਬਾਬਾ ਸਾਹਿਬ

ਅੰਮਰਤਸਰ

ਨੋਟ–ਉਕਤ ਮਾਸਟਰ ਜੀ ਉਰਦੂ ਹਿੰਦੀ ਅਤੇ ਫਾਰਸੀ ਵਿਚੋਂ ਪੰਜਾਬੀ ਵਿਚ ਉਲਥਾ ਕਰ ਸਕਦੇ ਹਨ।

Original with:
Language Department Punjab
Digitized by:
Panjab Digital Library

# ਭੂਮਕਾ

ਉਨੀਵੀਂ ਸਦੀ ਦੇ ਇਸ ਪ੍ਰਸਿਧ ਅਤੇ ਚੋਣਵੇਂ ਪਹਿਲਵਾਨ ਦੇ ਜੀਵਨ ਸਮਾਚਾਰ ( ਜੇਹੜਾ ਹਿੰਦੂ ਅਤੇ ਸਿਖ ਸ਼ਰੇਣੀ ਵਿਚ ਅਪਣੇ ਅਦੁਤੀ ਬਲ ਦੇ ਕਾਰਨ ਸ਼ਰੋਮਣੀ ਪਹਲਵਾਨ ਮੰਨਿਆ ਗਿਆ ਹੈ ) ਅਪਣੇ ਸੋਭਾ ਯੋਗ ਗੁਣਾ ਕਰਕੇ ਖਾਸ ਵਡਆਈ ਦੇ ਭਾਗੀ ਹੈਨ।

ਇਸ ਦੀ ਜਨਮ ਜੀਵਨ ਅਤੇ ਅੰਤਮ ਕਥਾ ਬਾਹਲੀ ਸਿਖਜਾ ਦਾਇਕ ਤੇ ਅਸਚਰਜ ਜਨਕ ਹੇ।

ਇਸ ਪੈਹਲਵਾਨ ਦੀ ਜਨਮ ਭੂਮੀ ਮਾਝਾ ਹੈ ਜੋ ਪੰਜਾਬ ਦੇਸ ਵਿਚ ਸਾਰੇ ਹੀ ਦੇਸ਼ ਕੋਲੋਂ ਬਲ ਅਤੇ ਅਰੋਗਤਾ ਭਰੀ ਆਬੋ ਹਵਾ ਕਰਕੇ ਪ੍ਰਸਿਧ ਹੈ ਇਥੋਂ ਦੇ ਵਸਨੀਕ ਸੁਭਾਵਕਹੀ ਹੋਰ ਥਾਵਾਂਦੇ ਲੋਕਾਂ ਕੋਲੋਂ ਬਲਿਸਟ ਹੁੰਦੇ ਹਨ।

ਕਿਕਰ ਸਿੰਘ ਇਕ ਵਡਾ ਬਲੀ ਅਤੇ ਰਿਸ਼ਟ ਪੁਸਟ ਪਹਲਵਾਨ ਸੀ ਕਰਤਾਰ ਨੇ ਇਸਦੇ ਅੰਗਾਂ ਵਿਚ ਓਹ ਸਡੋਲਤਾ ਅਤੇ ਮਨ ਵਿਚ ਨਿਰਭੈਤਾ ਭਰੀ ਸੀ ਕੇ ਇਸਦੇ ਨਾਲ ਦਾ ਬਲੀ ਦੂਜਾ ਨਹੀ ਸੀ ਕੇਵਲ ਇਕੋ ਹੀ ਗੁਲਾਮ ਨਾਮੀ ਅਮ੍ਰਤਸਰੀ ਭਲਵਾਨ ਇਸਦੇ ਸਾਹਮਣੇ ਹੋਇਆ ਅਤੇ ਇਸੇ ਹੀ ਕਾਰਨ ਉਸਨੂੰ ਰੁਸਤਮ ਹਿੰਦ ਦੀ ਪਦਵੀ ਪ੍ਰਾਪਤ ਹੋਈ ਇਸਦੇ ਦੇਵ ਜੇਹੇ ਸਰੀਰ ਅਤੇ ਬਲ ਨੇ ਸਮੇ ਨੂੰ ਹੈਰਾਨ ਕਰ ਛਡਿਆ ਸੀ ਇਸਤੇ ਅਸਚਰਜਤਾ ਏਹ ਕੇ ਕਿਕਰ ਸਿੰਘ ਸਤਮਾਹਾਂ ਜਨਮਿਆ ਸੀ।

Original with:
Language Department Punjab
Digitized by:
Panjab Digital Library

ਕਿਕਰ ਸਿੰਘ ਜਿਨਾਂ ਬਲੀ ਸੀ ਜੇ ਕਦੀ ਉਨਾ ਹੀ ਮਲ ਪੁਣੇ ਦੇ ਢੰਗਾਂ ਦਾ ਜਾਣੂ ਹੁੰਦਾ ਤਾਂ ਨਿਸਚੇ ਹੀ ਪੰਜਾਬ ਦੀ ਸਾਰੀ ਹੀ ਦੁਨਯਾਂ ਵਿਚ ਉਸਦੇ ਜੋੜਦਾ ਕੋਈ ਨਹੀ ਸੀ।

ਕਿਕਰ ਸਿੰਘ ਇਕ ਖੁਲ ਸੁਭਾਵ ਸਾਧ ਮੇਲੀ ਪੁਰਸ਼ ਸੀ ਇਸਦਾ ਸਭਾਓ ਡਾਢਾ ਠਠੋਲ ਤੇ ਮਖੌਲੀਆ ਸੀ ਪਰ ਵਾਧਾ ਏਹ ਕੇ ਸਾਧ ਫਕੀਰ ਨੂੰ ਕਦੇ ਉਚਾ ਬਚਨ ਨਹੀ ਕੈਂਹਦਾ ਸੀ ਅਖਬਾਰਾਂ ਤੋਂ ਏਸ ਲਈ ਡਰਦਾ ਸੀ ਕਿ ਮਤਾਂ ਉਸਦੇ ਪ੍ਰਥਾਏ ਕੋਈ ਭੈੜੀ ਗਲ ਨਾਂ ਛਾਪ ਦੇਣ।

ਏਹ ਭਾਵੇਂ ਨਿਡਰ ਅਤੇ ਦਲੇਰ ਸੀ ਪਰ ਮੁਕਦਮੇ ਬਾਜੀ ਅਤੇ ਲੜਾਈ ਝਗੜਿਆਂ ਤੋਂ ਕੰਨੀ ਕਤਰਾਉਂਦਾ ਸੀ ਹਰ ਮਤ ਦੇ ਵਡਿਆਂ ਨੂੰ ਸਤਕਾਰ ਕਰਦਾ ਜੇ ਅਜ ਬ੍ਰਾਹਮਣਾਂ ਨੂੰ ਗਊ ਦਾਨ ਦੇਂਦਾ ਤਾਂ ਕਲ ਯਾਰਵੀ ਵਾਲੇ ਦੀ ਸੀਰਨੀ ਵੰਡਦਾ ਤੇ ਪ੍ਰਸੋਂ ਸਿਖਾਂ ਨੂੰ ਪ੍ਰਸਾਦਿ ਛਕਾਂਦਾ ਸੀ ਇਥੋ ਸਿਧ ਹੁੰਦਾ ਹੈ ਉਸਦੇ ਮਨ ਵਿਚ ਕੋਈ ਵਿਤਕਰਾ ਨਹੀ ਸੀ ਅਰ ਗਾਉਨ ਸੁਣਨ ਦਾ ਪ੍ਰੇਮੀ ਸੀ ਜਦ ਕੋਈ ਰਾਗੀ ਯਾ ਮਰਾਸੀ ਗਾਉਂਦਾ ਤਾਂ ਡਾਢੀ ਹੀ ਚਾਹ ਅਤੇ ਪ੍ਰੇਮ ਨਾਲ ਸੁਣਦਾ ਸੀ।

ਏਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੁਰਾਨ ਸ਼ਰੀਫ ਨੂ ਪੂਰਨ ਹਿਤ ਨਾਲ ਸੁਣਿਆ ਕਰਦਾ ਸੀ ਅਰ ਕਦੇ ਕਦੇ ਸੁਣ ੨ ਕੇ ਨੇਤ੍ਰ ਜਲ ਪੂਰਤ ਹੋ ਜਾਂਦੇ ਸਨ।

ਇਸ ਵਿਚ ਵਡਾ ਗੁਣ ਏਹ ਸੀ ਕੇ ਬਲ ਅਤੇ ਬੀਰਯ ਤੇ ਸੁਤੰਤ੍ਰਤਾ ਦੇ ਹੁੰਦਿਆਂ ਭੀ ਏਹ ਵਿਭਚਾਰ ਕੋਲੋਂ ਬੜਾ ਡਰਦਾ ਸੀ ਇਕ ਵੇਰ ਦੀ ਗਲ ਹੈ ਜੋ ਇਕ ਰੂਪਵਾਨ

*Original with:*
Language Department Punjab
*Digitized by:*
Panjab Digital Library

ਸੁੰਦਰੀ ਇਸਤ੍ਰੀ ਨੇ ਇਸ ਪਰ ਮੋਹਤ ਹੋਕੇ ਇਸਨੂੰ ਆਪਨੇ ਅਧੀਨ ਕਰਨ ਦਾ ਯਤਨ ਕੀਤਾ ਓਸ ਨਿਤ ਨਵੇਂ ਨਖਰਿਆਂ ਕਰਕੇ ਅਤੇ ਕਈ ਦਿਨਾਂ ਦੀ ਅਥਕ ਮੇਹਨਤ ਨਾਲ ਅਪਨੀ ਵਲ ਝੁਕਾ ਤਾਂ ਲਿਆ ਪਰ ਅਜੇ ਸਤ ਭੰਗਦਾ ਸਮਾਂ ਨਹੀ ਸੀ ਮਿਲਣਾ ਕੇ ਸਾਈ ਮੀਹਾਂ ਸ਼ਾਹ ਨੇ ਵਿਸ਼ੇ ਦੇ ਔਗਣ ਸਮਝਾ ਦਿਤੇ ਫਿਰ ਤਾਂ ਓਹ ਸਾਰਾ ਹੀ ਜੋਰ ਲਾ ਚੁਕੀ ਪਰ ਕਿਕਰ ਸਿੰਘਨੇ ਇਕ ਨਾ ਮੰਨੀ।

ਕਿਕਰ ਸਿੰਘ ਪੰਜਾਬੀ ਤੋਂ ਛੁਟ ਉਰਦੂ ਦਾ ਵੀ ਚੰਗਾ ਜਾਣੂ ਸੀ ਭਾਵੇਂ ਏਹ ਲਿਖ ਪੜ ਕੁਛ ਨਹੀ ਸੀ ਜਾਣਦਾ ਪਰ ਰਯਾਸਤਾਂ ਵਿਚ ਜਾਣ ਅਤੇ ਰਹਣ ਕਰਕੇ ਓਥੋਂ ਦੀ ਬੋਲੀ ਚੰਗੀ ਤਰਾਂ ਸਿਖ ਗਯਾ ਸੀ।

ਕਿਕਰ ਸਿੰਘ ਦੇ ਸੰਤ ਬੇਲੀ ਹੋਨ ਦਾ ਸਬੂਤ ਉਸਦੇ ਜੀਵਨ ਬ੍ਰਿਤਾਂਤ ਵਿਚੋਂ ਆਪ ਨੂੰ ਭਲੀ ਪ੍ਰਕਾਰ ਪ੍ਰਗਟ ਹੋ ਜਾਇਗਾ ਕੇ ਕਈ ਅਚੰਭਾ ਕੌਤਕ ਦ੍ਰਿਸਟ ਮਾਨ ਹੋਏ ਮੁਕਦੀ ਗਲ ਏਹ ਕੇ ਬਹੁਤੀ ਗਲੀਂ ਏਹ ਪੈਹਲਵਾਨ ਵਡਯਾਈ ਦੇ ਯੋਗ ਸੀ ਕਈ ਪਹਲਵਾਂਨ ਏਸ ਦੀ ਖਰੈਤ ਪਲਦੇ ਸਨ ਅਤੇ ਇਸਦੇ ਨਾਓਂ ਕਰਕੇ ਕਈਆਂ ਦਾ ਗੁਜਾਰਾ ਸੀ।

**ਦਾਸ—ਮੌਲਾ ਬਖਸ਼ ਕੁਸ਼ਤਾ**

Original with:
Language Department Punjab
Digitized by:
Panjab Digital Library

# ਜਨਮ

ਕਿਕਰ ਸਿੰਘ ਦਾ ਜਨਮ ਵੇਹਮੀਆਂ ਅਤੇ ਭਰਮੀਆਂ ਲਈ ਇਕ ਉਤਮ ਸਿਖ੍ਯਾ ਜਨਕ ਸਮਾਚਾਰ ਹੈ। ਦੇਸ਼ ਦੇ ਭਰਮੀ ਫਿਰਕੇ ਦੇ ਕਥਨ ਅਨੁਸਾਰ ਸਾਵਨ ਵਿਚ ਘੋੜੀ ਭਾਦ੍ਰੋਂ ਵਿਚ ਗਊ ਮਾਘ ਵਿਚ ਮੈਂਹ ਅਤੇ ਕਤਕ ਵਿਚ ਇਸਤ੍ਰੀ ਦਾ ਜਣਨਾ ਨਹਸ਼ ( ਮਾੜੀ ) ਹੈ ਤੇ ਏਸ ਮਹੀਨੇ ਦੇ ਪੈਹਲਿਆਂ ਦਿਨਾਂ ਵਿਚ ਤਾਂ ਮੂਲੋਂ ਹੀ ਭਯਾਨਕ ਗਿਣਦੇ ਹਨ ਪਰ ਕਿਕਰ ਸਿੰਘ ਜਿਹੇ ਬਹਾਦਰ ਅਤੇ ਭਾਗਵਾਨ ਨੇ ਦੂਜੀ ਕਤਕ ਸੰਮਤ ੧੯੧੩ ਨੂੰ ਜਨਮ ਲੀਤਾ ਵਾਧਾ ਏਹ ਕਿ ਮੰਗਲ ਵਾਰ ਤੇ ਜਮਿਆਂ ਭੀ ਸਤਮਾਹਾਂ ਕਿਕਰ ਸਿੰਘ ਦੇ ਪਿਤਾ ਦਾ ਨਾਓਂ ਜਵਾਲਾ ਸਿੰਘ ਸੀ ਏਹ ਜਟਾਂ ਵਿਚੋਂ ਸੰਧੂ ਗੋਤ ਦਾ ਘਣੀਏ ਕੀ ਜ਼ਿਲਾ ਲਾਹੌਰਦਾ ਪ੍ਰਸਿਧ ਊਠਾਂ ਵਾਲਾ ਸੀ ਜੋ ਬਾਹਲਾ ਲਾਲ਼ਾ ਬਾਸ਼ੀ ਰਾਮ ਲੋਟੀਆ ਅੰਮ੍ਰਿਤਸਰੀ ਦੀ ਹਟੀ ਲੋਹਾ ਲਦਕੇ ਲਿਆਉਂਦਾ ਸੀ ਜਵਾਲਾ ਸਿੰਘ ਆਪ ਭੀ ਰਿਸਟ ਪੁਸਟ ਅਤੇ ਬਲੀ ਪੁਰਸ਼ ਸੀ ਇਕ ਵਾਰ ਦੀ ਗਲ ਹੈ ਜੋ ਪਿੰਡ ਮਨਨ ਦੇ ਬੂਟੀ ਪੈਹਲਵਾਨ ਨਾਲ ਇਕ ਭਾਰੀ ਸੇਦੇ ਚੁਕਨ ਦੀ ਸ਼ਰਤ ਲਗੀ ਬੂਟੀ ਬਥੇਰੀ ਵਾਹ ਲਾ ਚੁਕਾ ਪਰ ਨਾਂ ਚੁਕੀ ਗਈ ਜਵਾਲਾ ਸਿੰਘ ਨੇ ਝਟ ਚੁਕਕੇ ਸਭਨੂੰ ਦੰਗ ਕਰਦਿਤਾ ।

ਜਵਾਲਾ ਸਿੰਘ ਦੀ ਤੀਬ੍ਰ ਇਛਾ ਸੀ ਕੇ ਜੋ ਕਰਤਾਰ

*Original with:*
Language Department Punjab
*Digitized by:*
Panjab Digital Library

ਉਸਨੂ ਬੇਟਾ ਬਖਸ਼ੇ ਤਾਂ ਏਹ ਪਹਿਲਵਾਨ ਬਨਾਏ ਸੋ ਰਬਨੇਂ ਸੁਨ ਲੀਤੀ ਹੈ ਕਿਕਰ ਸਿੰਘ ਦਾ ਜਨਮ ਹੋਇਆ।

ਸਿਆਣੇ ਆਖਦੇ ਹਨ ਕੇ ਮਰਦ ਦੀ ਮਾਇਆ ਨਾਲ ਹੀ ਆਉਂਦੀ ਹੈ ਏਹੋ ਗਲ ਇਥੇ ਵਰਤੀ ਕਿਕਰ ਸਿੰਘ ਦਾ ਪਿਤਾ ਸਾਧਾਰਨ ਆਦਮੀ ਸੀ ਕਿਕਰ ਸਿੰਘ ਦੇ ਜਨਮ ਸਮੇ ਉਸ ਪਾਸ ਕੋਈ ਲਵੇਰਾ ਨਹੀ ਸੀ ਜਿਸ ਲਈ ਓਹ ਚਿੰਤਾਤੁਰ ਸੀ ਪਰ ਕਾਦਰ ਯਾਰ ਦੇ ਕਥਨ ਅਨੁਸਾਰ ( ਕਾਫ ਕਰਮ ਜਾਂ ਬੰਦੇ ਦੇ ਜਾਗਦੇ ਨੀ ਰਬ ਆਨ ਸਬਬ ਬਨਾਵਦਾ ਏ ) ਵਾਲੀ ਗਲ ਹੋਈ ਅੰਮ੍ਰਿਤਸਰ ਵਿਚ ਡਾਕਾ ਪਿਆ ਡਾਕੂ ਨਸ ਗਏ ਜਵਾਲਾ ਸਿੰਘ ਨਿਰ ਦੋਸ਼ ਫੜਿਆ ਗਿਆ ਉਨਹਾਂ ਦਿਨਾ ਵਿਚ ਦਿਲੀ ਦਾ ਗਦਰ ਸੀ ਇਸਦੇ ਮੁਕਦਮੇ ਦੀ ਲੰਮੀ ਗੌਹਨਾ ਹੋਈ ਝਟ ਹੀ ਸਤ ਸਾਲ ਦੀ ਕੈਦ ਬੋਲ ਗਈ ਜਵਾਲਾ ਸਿੰਘ ਲਾਹੌਰ ਦੇਵਡੇ ਜੇਲਖਾਨੇ ਭੇਜਿਆ ਗਿਆ ਓਥੇ ਜਾਣਾ ਸੀ ਜੋ ਜਵਾਲਾ ਸਿੰਘ ਦੀ ਕਿਸਮਤ ਦਾ ਸਤਾਰਾ ਚਮਕਿਆ ਥੋੜੇ ਹੀ ਦਿਨਾਂ ਪਿਛੋਂ ਇਕ ਵਡੇ ਹਾਕਮ ਦੇ ਬੰਗਲੇ ਨੂੰ ਅਗ ਲਗ ਗਈ ਉਸ ਵੇਲੇ ਮਦਦ ਬੜੀ ਮੁਸ਼ਕਲ ਸੀ ਪਾਨੀ ਦਾ ਅਜ ਵਾਂਗ ਸਾਮਾਨ ਨਹੀ ਸੀ ਜਵਾਲਾ ਸਿੰਘ ਨੇ ਐਡਾ ਜਤਨ ਕਰਕੇ ਅਗ ਬੁਝਾਈ ਕੇ ਖੂਹ ਗੇੜਕੇ ਆਪੇ ਪਾਨੀ ਕਢੇ ਤੇ ਵਡਾ ਟਪ ਭਰਕੇ ਆਪੇ ਚੁਕ ਕੇ ਛੇਤੀ ਛੇਤੀ ਪਾਈ ਜਾਵੇ ਇਥੋਂ ਤੀਕ ਕੇ ਅਗ ਬੁਝਾ ਦਿਤੀ ਅੱਗ ਕੀ ਬੁਝੀ ਉਸਦੀ ਕਿਸ ਮਤ ਜਾਗ ਉਠੀ ਸਾਹਿਬ ਬਹਾਦਰ ਅਤੇ ਉਨਹਾਂ ਦੀ ਲੇਡੀ ਪ੍ਰਸੰਨ ਹੋਗਏ ਉਨਹਾਂ ਨੇ ਜਵਾਲਾ ਸਿੰਘ ਦਾ ਸਾਰਾ ਪ੍ਰਸੰਗ

*Original with:*
Language Department Punjab
*Digitized by:*
Panjab Digital Library

ਸੁਣਕੇ ਨਿਸਚਾ ਕੀਤਾ ਕੇ ਓਹ ਕੇਵਲ ਬਲੀ ਹੋਨ ਕਰਕੇ ਫਸਾਇਆ ਹੈ ਧਾੜਵੀ ਨਹੀ-ਫੇਰ ਕੀਹ ਸੀ ਜਵਾਲਾ ਸਿੰਘ ਇਜ਼ਤ ਨਾਲ ਬਰੀ ਕੀਤਾ ਗਿਆ ਨਾ ਕੇਵਲ ਬਰੀ ਹੀ ਹੋਇਆ ਸਗੋਂ ਨੇਕ ਨਾਮੀ ਦਾ ਸਾਰਟੀਫੀਕੇਟ ਅਤੇ ੪੦੦) ਚਾਰ ਸੌ ਇਨਾਮ ਲੇਕੇ ਆਇਆ-ਆਉਂਦਿਆਂ ਹੀ ਪੇਹਲਾ ਕੰਮ ਮਝ ਦਾ ਖਰੀਦਣਾ ਸੀ ਇਓਂ ਕਿਕਰ ਸਿੰਘ ਦੀ ਪਾਲਨਾ ਸ਼ੁਰੂ ਹੋਈ ।

# ਪਾਲਨ ਪੋਸਨ

ਕਿਕਰ ਸਿੰਘ ਨੂੰ ਜਿਨਾਂ ਦਾਦਕੇ ਚਾਹੁੰਦੇ ਸਨ ਨਾਨਕੇ ਉਸਤੋਂ ਵਧੀਕ ਪਿਆਰ ਕਰਦੇ ਸਨ. ਏਹੋ ਕਾਰਨ ਸੀ ਕੇ ਕਿਕਰ ਸਿੰਘ ਬਾਹਲਾ ਅਪਨੇ ਨਾਨਕੇ ਨੂਰਪੁਰ ਹੀ ਰੈਂਹਦਾ ਸੀ ਸਚ ਪੁਛੋ ਤਾਂ ਏਹ ਉਥੇ ਹੀ ਪਲਿਆ ਹੈ ਅਤੇ ਪਹਿਲਵਾਨੀ ਵਿਦਯਾ ਦਾ ਆਰੰਭ ਭੀ ਉਥੇਹੀ ਹੋਇਆ ਹੈ।

# ਕਿਕਰ ਸਿੰਘ ਦੀ ਕਸਰਤ

ਅਜੇ ਕਿਕਰ ਸਿੰਘ ਬਾਲ ਹੀ ਸੀ ਜੋ ਇਸਦੇ ਨਾਨਕਿਆਂ ਨੇ ਗੁਲਾਮੀ ਨਾਮੇ ਘੁਮਯਾਰ ਦੇ ਸਪੁਰਦ ਕੀਤਾ ਕੇ ਇਸਨੂ ਡੰਡ ਆਦਿਕ ਪਹਲਵਾਨੀ ਦੇ ਢੰਗ ਸਖਾਵੇ-ਅਤੇ

Original with:
Language Department Punjab
Digitized by:
Panjab Digital Library

ਏਹ ਗਭਰੂ ਹੁੰਦੇ ਤਕ ਉਸੇ ਘੁਮਜ਼ਾਰ ਪਾਸੋਂ ਹੀ ਘੋਲ ਦੇ ਢੰਗ ਸਿਖਦਾ ਰਿਹਾ ਅਤੇ ਉਸਦੇ ਨਾਲ ਛਿੰਜਾਂ ਤੇ ਜਾਂਦਾ ਅਤੇ ਘੁਲਦਾ ਰਿਹਾ।

## ਕਿਕਰ ਸਿੰਘ ਨਾਓਂ ਦਾ ਕਾਰਨ

ਇਸਦਾ ਅਸਲੀ ਨਾਓਂ ਪ੍ਰੇਮ ਸਿੰਘ ਸੀ ਪਰ ਕਹਿੰਦੇ ਹਨ ਇਕ ਕਿਕਰ ਨੂੰ ਜੜਾਂ ਤੋਂ ਪੁਟ ਦੇਣ ਕਰਕੇ ਇਸਦਾ ਨਾਓਂ ਕਿਕਰ ਸਿੰਘ ਪਕ ਗਿਆ ਸੀ ਪਰ ਅਸਲੀ ਕਾਰਨ ਹੋਰ ਹੈ ਜੋ ਅਸੀ ਅਗੇ ਚਲਕੇ ਦਸਾਂਗ ਕਿਕਰ ਨੂੰ ਜੜਾਂ ਤੋਂ ਪੁਟ ਦੇਣਾ ਇਸਦੇ ਅਗੇ ਕੋਈ ਵਡੀ ਗਲਨਹੀ ਸੀ ਕਈਵਾਰੀ ਦਰਖਤਾਂ ਨਾਲਧਕੇ ਲੈਲੈਕੇ ਰੁਖਹਲਾਦਿਤੇ। ਅਸਲ ਕਾਰੰਨ ਏਹ ਹੈ ਜੋ ਇਕ ਵੇਰ ਕਿਕਰ ਸਿੰਘ ਸੇਖ ਲਧੇ ਦੀ ਮਿਜਾਨੀ ਧਰੌਕਲ ਦੇ ਸੰਗ ਨਾਲ ਗਿਆ ਇਸਦੇ ਨਾਲ ਹੋਰ ਭੀ ਜਵਾਨ ੨ ਪਠੇ ਸਨ ਉਹਨੀ ਹੀ ਦਿਨੀ ਛਿੰਜਾਂ ਦਾ ਜੋਰ ਸੀ ਅਤੇ ਬਾਂਨਾ ਪਹਿਲਵਾਨ ਪਿੰਡਾਂ ਵਿਚ ਮੰਨਿਆ ਪ੍ਰਮੰਨਿਆ ਪਹਿਲਵਾਨ ਸੀ ਜੋ ਦੇਵ ਨੇਤ ਉਨਹਾਂ ਹੀ ਦਿਨਾਂ ਵਿਚ ਕਾਲ ਵਸ ਹੋਗਿਆ ਸੀ ਜਦ ਏਹ ਪ੍ਰੇਮ ਸਿੰਘ ਧਰੌਕਲ ਦੀ ਛਿੰਜ ਤੇ ਪਠਿਆਂ ਸਣੇ ਪੁਜਾ ਤਾਂ ਲੋਕਾਂ ਨੇ ਇਸਦਾ ਜੁਸਾ ਅਤੇ ਰਿਸਟ ਪੁਸ਼ਟ ਵੇਖਕੇ ਆਖਿਆ ਭਈ ਬੋਹੜ ਦੀ ਥਾਂ ਬੋਹੜ ਲਗ ਗਿਆ ਹੈ ਅਰਥਾਤ ਬਾਨੇ ਦੀ ਥਾਂ ਤੇ ਪ੍ਰੇਮ ਸਿੰਘ ਨੂੰ ਸਮਝਨਾ ਚਾਹੀਦਾ ਹੈ ਪਰ ਨਾਲ ਹੀ ਕਿਤੋਂ ਅਵਾਜ ਆਈ ਕੇ ਬੋਹੜ ਦੀ ਥਾਂ ਬੋਹੜ ਨਹੀ ਪਰ-

Original with:
Language Department Punjab
Digitized by:
Panjab Digital Library

ਕਿਕਰ ਵਾਹਿਗੁਰੂ ਜਾਨੇ ਇਨ੍ਹਾਂ ਸ਼ਬਦਾਂ ਵਿਚ ਕੀਹ ਜਾਦੂ ਸੀ ਕ ਪ੍ਰੇਮ ਸਿੰਘ ਦਾ ਕਿਕਰ ਸਿੰਘ ਬਣ ਗਿਆ ਆਪਨੇ ਪ੍ਰਾਏ ਸਭ ਕਿਕਰ ਸਿੰਘ ਹੀ ਕੈਹ ਕੇ ਬੁਲਾਉਂਦੇ ਰਹੇ ਇਥੋਂ ਤਕ ਕੇਆਪ ਭੀ ਅਪਣਾ ਨਾਓਂ ਕਿਕਰ ਸਿੰਘ ਹੀ ਦਸਦਾ ਅਤੇ ਕਾਗਜ ਪਤ੍ਰ ਤੇ ਚਿਠੀ ਆਦਿ ਵਿਚ ਭੀ ਕਿਕਰ ਸਿੰਘ ਹੀ ਲਖਾਓਂਦਾ ਰਿਹਾ ਪ੍ਰੇਮ ਸਿੰਘ ਤਾਂ ਉਕਾ ਹੀ ਅਲੋਪ ਹੋਗਿਆ।

## ਯੁਬਾ ਅਵਸਥਾ

ਕਿਕਰ ਸਿੰਘ ਦੇ ਬਾਲਪਨ ਦੇ ਲੰਘਦਸਾਂ ਹੀ ਜਦ ਉਸਨੇ ਜਵਾਨੀ ਵਿਚ ਪੈਰ ਰਖਯਾ ਤਾਂ ਉਸਦਾ ਬਲ-ਜੁਸਾ ਦਿਨ ਦੂਨਾਂ ਤੇ ਰਾਤ ਚੌਨਾ ਵਧਨਾ ਸ਼ੁਰੂ ਹੋਇਆ ਸੁਭਾਵਕ ਹੀ ਉਸ ਸਮੇ ਪਹਲਵਾਨਾਂ ਦਾ ਬੜਾ ਹੀ ਆਦਰ ਤੇ ਸਨ ਮਾਨ ਹੁੰਦਾ ਸੀ ਰਜਾਸਤ ਬੜੋਦਾ ਤਾ ਉਕਾ ਹੀ ਪੈਹਲਵਾਨ ਲਈ ਬਿਕ ਮਾਨ ਅਸਥਾਨ ਅਤੇ ਪਕੀ ਧਿਰ ਸੀ ਜੋਧ ਪੁਰ ਇੰਦੌਰ ਜਮੂ ਆਦਿਕ ਸਾਰੀਆਂ ਰਯਾਸਤਾਂ ਪਹਲਵਾਨਾਂ ਨੂੰ ਮਾਨ ਦੇਂਦੀਆਂ ਸਨ-ਸਦੀਕ-ਰਮਜ਼ੀ-ਅਲਜਾ ਬੂਟਾ ਆਦਿਕ ਪ੍ਰਸਿਧ ਪੈਹਲਵਾਨਾਂ ਦੇ ਨਾਉ ਦੀ ਸ਼ਾਖ ਚਲ ਰਹੀ ਸੀ।

ਰਾਜੇ ਮਹਾਰਾਜੇ ਪਹਲਵਾਨਾਂ ਨੂੰ ਅਪਨੀ ਸੰਨਤਾਨ ਵਾਂਗ ਪਿਆਰ ਕਰਦੇ ਸਨ-ਮੱਲਾਂ ਲਈ ਉਨਹਾਂ ਦੇ ਖਜਾਨਿਆਂ ਦੇ ਬੂਹੇ ਸਦੀਵ ਖੁਲੇ ਰਹਿੰਦੇ ਸਨ ਮਨਭਾਓਂਦਾ

Original with:
Language Department Punjab
Digitized by:
Panjab Digital Library

ਖਾਨ ਪੀਨ ਤੇ ਪੈਹਨਨ ਗਲ ਕੀਹ ਪਹਲਵਾਨਾਂ ਦੇ ਸੁਖਾਂ ਦੇਸਾਧਨਾਂ ਵਿਚ ਕੋਈ ਭੀ ਥੁੜ ਨਹੀਂ ਸੀ ਰਖੀ ਜਾਂਦੀ।

ਰਾਜਿਆਂ ਦੀ ਕੇਵਲ ਇਨੀ ਇਛਾ ਹੁੰਦੀ ਸੀ ਕੇ ਉਨਹਾਂ ਦਾ ਮਲ ਵਡਾ ਬਲੀ ਹੋਵੇ-ਜੇ ਕਿਸੇ ਪੈਹਲਵਾਨ ਨੇ ਆਪਨੇ ਟਾਕਰੇ ਦੇ ਪਹਲਵਾਨ ਨੂੰ ਢਾ ਲਿਆ। ਜਾਂ ਘੋਲ ਵੇਲੇ ਕੁਝ ਸਫਾਈ ਦਸੀ ਤਾਂ ਰਾਜੇ ਦੇ ਹਿਰਦੇ ਨੂੰ ਆਪਨਾਂ ਬਨਾਲਿਆ—ਫਿਰ ਇਨਾਮ ਤੇ ਇਨਾਮ ਮਿਲਨ ਲਗ ਪੈਂਦਾ ਸੀ—ਰਸਦਾ ਤੇ ਰੋਜੀਨੇ ਦੂਣੇ ਹੋ ਜਾਂਦੇ ਸਨ।

ਕਿਕਰ ਸਿੰਘ ਨੇ ਭੀ ਇਸ ਅਕਾਲੀ ਦਾਤ ਦੀ ਕਦਰ ਕੀਤੀ ਅਤੇ ਚੋਖਾ ਲਾਭ ਲੀਤਾ—ਪੈਹਲਾ ਪਹਲ ਇਸਦਾ (ਪ੍ਰਬੰਧ) ਸਨਬੰਧ ਰਜਾਸਤ ਜਮੂੰ ਨਾਲ ਹੋਇਆ ਅਤੇ ਜਮੂੰ ਵਿਚ ਇਸਨੇ ਇਨਾਂ ਜਸ ਖਟਿਆ ਕੇ ਮਹਾਰਾਜ ਦਾ ਖਾਸ ਪਹਲਵਾਨ ਬਨਗਿਆ—ਭਾਵੇਂ ਜੋਧਪੁਰ—ਦਤੀਆ—ਟੋਂਕ ਇਦੌਰ—ਮਰਾਦ—ਮਹੂ ਆਦਿਕ ਰਜਾਸਤਾਂ ਵਿਚ ਕਈ ਰਜਵਾੜਿਆਂ ਵਿਚ ਨੌਕਰੀ ਕੀਤੀ ਪਰ ਭੌ ਚੌਕੇ ਅਪਨੇ ਕੇਂਦਰ ਜਮੂੰ ਵਿਚ ਹੀ ਆਨ ਠੈਹਰ ਦਾ ਰਿਹਾ।

ਅਰੀਮਾ ਸਦਨਾ ਨਾਮੀ ਨਗਰ ਵਿਚ ਹਰ ਸਾਲ ਸਾਵਨ ਮਹੀਨੇ ਦੀ ਸੰਗਰਾਂਦ ਤੇ ਭਾਰੀ ਮੇਲਾ ਦੰਗਲ ਦਾ ਲਗਦਾ ਸੀ ਜਿਥੇ ਚਾਰ ਸਾਲ ਤਕ ਬਰਾਬਰ ਇਸਨੂੰ ੧੦੦) ਸੌ ਰੁਪਯਾ ਸਿਰੋ ਪਾਓ ਤੇ ਹੋਰ ਵੀ ਗਫੇ ਮਿਲਦੇ ਰਹੇ।

*Original with:*
Language Department Punjab
*Digitized by:*
Panjab Digital Library

# ਫੁਟਕਲ ਸਮਾਚਾਰ

## ** ਬਲਦਾ ਅਨੁਮਾਨ **

ਇਕ ਵੇਰ ਜਮੂੰ ਵਿਚ ਇਕ ਵਡੇ ਭਾਰੀ ਦੀਵਾਨ ਵਿਚ ਮਹਾਰਾਜ ਅਤੇ ਦਰਬਾਰੀਆਂ ਦੇ ਸਾਹਮਣੇ ਬਲਦੀ ਪ੍ਰੀਖਯਾ ਹੋਈ-ਇਕ ਬਿਜਲੀ ਦੀ ਮਸ਼ੀਨ ਰਖੀ ਗਈ। ਉਸਦੇ ਨਲਕੇ ਹਰ ਪਹਲਵਾਨ ਨੂੰ ਫੜਾਏ ਗਏ ਮਸ਼ੀਨ ਚਲੀ ਭਾਵੇਂ ਵਡੀਆਂ ਵਡੀਆਂ ਦੇਹਾਂ ਵਾਲੇ ਅਨੇਕ ਪਹਿਲਵਾਨ ਇਕ ਤੋਂ ਇਕ ਵਧ ਪ੍ਰਾਕਰਮਕਰਕੇ ਉਠੇ ਪਰ ਕਿਸੇ ਤੋਂ ਬਿਜਲੀ ਦੇ ਨਲਕੇ ਥਮੇਂ ਨਾਂ ਗਏ ਬਿਜਲੀ ਨੇ ਗੁਛਾ ਕਰ ਦਿਤੇ ਛੇਕੜ ਕਿਕਰ ਸਿੰਘ ਦੀ ਵਾਰੀ ਆਈ ਇਸਨੇ ਕਿਨਾ ਹੀ ਚਿਰ ਨਲਕੇ ਫੜ ਛਡੇ ਪਰ ਖਿਚ ਨਾਂ ਹੋਈ ਡਾਕਟਰਾਂ ਨੇ ਨਿਸਚਾ ਕੀਤਾ ਕੇ ਕਿਕਰ ਸਿੰਘ ਦਾ ਬਲ ਹਾਥੀ ਦੇ ਬਲ ਦੇ ਅਨੁਮਾਨ ਹੈ॥

## ਕਸਰਤ ਦੀ ਕਸਰਤ ਅਰ ਗਰੀਬ ਦਾ ਸਵਾਰਥ

ਇਕ ਦਿਨ ਕਿਕਰ ਸਿੰਘ ਅਪਣੀ ਬੈਠਕ ਵਿਚ ਬੈਠਾ ਸੀ ਕਿ ਇਕ ਗਰੀਬ ਜਟ ਆਇਆ ਤੇ ਬੇਨਤੀ ਕਰਨ ਲਗਾ ਪਹਿਲਵਾਨ ਜੀ ਮੈਂ ਗਰੀਬ ਆਦਮੀ ਹਾਂ ਢਗੇ ਲੈਣ ਦੀ ਪਹੁੰਚ ਨਹੀਂ-ਗੋਡੀ ਦਾ ਸਮਾ ਹੈ। ਇਕ

Original from:
Language Department Punjab
Digitized by:
Panjab Digital Library

ਭਲੇ ਪੁਰਸ਼ ਨੇ ਕਰਾਰ ਕਰਕੇ ਮੇਰੀ ਭੋਂ ਨਹੀ ਗੋਡੀ ਸਗੋਂ ਵੇਲਾ ਟਪਾ ਦਿਤਾ ਸੂ ਜੇ ਅਜ ਕਲ ਵਿਚ ਨਾਂ ਵਾਹੀ ਗਈ ਤਾਂ ਸਮਾ ਹੀ ਅਫਲ ਜਾਊ ਤੇ ਮੈਂ ਭੁਖਾ ਮਰੂ ਤੁਸੀ ਕਿਸੇ ਨੂ ਹੁਕਮ ਕਰੋ ਜੋ ਮੇਰੀ ਭੋਂ ਵਾਹ ਦੇਵੇ ਕਿਕਰ ਸਿੰਘ ਨੇ ਆਖਿਆ ਜਾਹ ਵਾਹੀ ਜਾਊ ਓਹ ਚਲਾ ਗਿਆ—ਕਿਕਰ ਸਿੰਘ ਰੋਜ ਵਾਂਗ ਪਿਛਲੀ ਅਧੀ ਰਾਤ ਉਠਯਾ ਮੁੰਗਲੀਆਂ ਦੀ ਥਾਂ ਕਹੀ ਲੈਕੇ ਤੁਰ ਪਿਆ ਜਾਂ ਓਹਦੀ ਪੈਲੀ ਗੋਡਨ ਲਗਾ ਦਿਨ ਚੜਦੇ ਨੂੰ ਦੋਹਰੀ ਤੇਹਰੀ ਗੁਡਾਈ ਕਰ ਅਪ ਨੀ ਬੈਠਕੇ ਆਨ ਬੈਠਾ—ਉਸ ਜਟ ਨੇ ਸਾਰੀ ਰਾਤ ਉਡੀਕ ਕੀਤੀ ਕੇ ਕੋਈ ਆਵਾਜ ਮਾਰਦਾ ਏ ਪਰ ਕੋਈ ਨਾ ਆਇਆ ਛਾਹ ਵੇਲੇ ਬੈਠਕੇ ਆਕੇ ਕਹਨ ਲਗਾ ਭਲਵਾਨ ਜੀ ਤੁਸਾਂ ਭੀ ਠਠਾ ਹੀ ਕਰਨਾ ਸੀ-ਕਿਕਰ ਸਿੰਘ ਕਹਿਨ ਲਗਾ—"ਤੂੰ ਵਹਾਓਨੀ ਹੀ ਸੀ ਕੇਥੀ ਵੀ ਪੁਵਾਨਾ ਸੀ" ਜਟ ਸ਼ਰਮਿੰਦਾ ਤੇ ਨਰਾਸ ਜਿਹਾ ਹੋਗਿਆ-ਕਿਕਰ ਸਿੰਘ ਨੇ ਕਿਹਾ ਕਿ ਜਾਹ ਜਾਕੇ ਦੇਖ ਤਾਂ ਸਹੀ ਨਾਲੇ ਬੀ ਲਈ ਜਾਵੀਂ—ਜਟ ਨਿਰਾਸ ਜਿਹਾ ਗਿਆ ਜਾ ਡਿਠੋਸਤਾਂ ਅਸੀਸਾਂ ਦੇਂਦਾ ਆਇਆ ਲੋਕ ਭੀ ਅਚੰਭਾ ਦੇਖਕੇ ਚਕ੍ਰਤ ਰਹ ਗਏ ਭਈ ਐਨੀ ਭੋਂ ਰਾਤ ਵਿਚ ਦੋਹਰੀ ਤੇਹਰੀ ਕਲੇ ਨੇ ਕਿਕੂੰ ਗੋਡੀ ਕੀਤੀ ॥

ਕੈਂਹਦੇ ਹਨ ਕਿ ਇਕ ਵੇਰ ਮਹੱਨੀ ਭਲਵਾਨ ਰੇਣੀ ਵਾਲੇ ਨੇ ਕਿਸੇ ਨਾਲ ਜੋੜ ਮਿਥਯਾ ਅਜੇ ਮਹੀਨਾ ਰਹਿੰਦਾ ਸੀ ਓਹ ਕਿਕਰ ਸਿੰਘ ਪਾਸ ਗਿਆ ਤੇ ਬਿਨੈ ਪੂਰਬਕ ਕਹਿਨ ਲਗਾ ਜੋ ਮੈਨੂ ਜੋਰ ਕਰਾਓ ਕਿ ਮੈਂ ਮਹੀਨੇ ਤਕ

Original with:
Language Department Punjab
Digitized by:
Panjab Digital Library

ਘੁਲਨ ਜੋਗਾ ਹੋ ਜਾਵਾਂ ਕਿਕਰ ਸਿੰਘ ਨੇ ਉਤਰ ਦਿਤਾ ਜੋ ਤੂੰ ਵਰਹਾ ਭਰ ਕਸਰਤ ਕਰੇ ਤਾਂ ਮੈਂ ਤੈਨੂੰ ਨਿਸਚੇ ਕੁਸ਼ਤੀ ਮਾਰਨ ਜੋਗਾ ਕਰ ਦਵਾਂਗਾ। ਮਹੱਨੀ ਨੇ ਥੋੜੇ ਦਿਨਾਂ ਵਿਚ ਤਿਆਰ ਹੋਨ ਦੀ ਜਿਦ ਕੀਤੀ ਕਿਕਰ ਸਿੰਘ ਨੇ ਰੁਖਾ ਜਬਾਬ ਤਾਂ ਨਾਂ ਦਿਤਾ ਪਰ ਕਸਰਤ ਵਿਚ ਅਜੇਹਾ ਭੰਨਯਾ ਜੋ ਓਹ ਚੌਥੇ ਦਿਨ ਜੀ ਛਡਕੇ ਨਸ ਗਿਆ ਜਦ ਉਸਦੇ ਪਠਜਾਨੇ ਪੁਛਯਾ ਭਲਵਾਨ ਜੀ ਏਹ ਕੀ ਕੀਤਾ ਕਿਕਰਸਿੰਘ ਨੇ ਉਤਰ ਦਿਤਾ ਕੇ ਏਹਨੇ ਵੈਹ ਪੈਣਾ ਹ ਫੇਰ ਲੋਕਾਂ ਏਹੋ ਆਖਣਾ ਸੀ ਕੇ ਜਟ ਵੀ ਤਾਂ ਵਾਹ ਲਾ ਚੁਕਾ ਸੀ।

# ਹੋਰ ਨੀਤੀ

ਜਦ ਕਿਕਰ ਸਿੰਘ ਇੰਦੌਰ ਵਿਚ ਸੀ ਤਾ ਉਨੀ ਦਿਨੀ ਇਕ ਸ਼ੇਰ ਨੇ ਰਾਹ ਬੰਦ ਕਰ ਛਡਿਆ ਸੀ ਭਾਣਾ ਰਬਦਾ ਇਕ ਦਿਨ ਓਹ ਸ਼ੇਰ ਕੁਛ ਢਿਲਾ ਜਿਹਾ ਹੋਗਯਾ ਸੀ ਉਸ ਦਿਨ ਸਵੇਰੇ ਕਿਕਰ ਸਿੰਘ ਭੀ ਓਸੇ ਹੀ ਪਾਸੇ ਜੰਗਲ ਗਿਆ ਗੜਵੀ ਹਥ ਵਿਚ ਸੁਤੇ ਸਿਧ ਦੋ ਤਿੰਨ ਮੀਲ ਨਿਕਲਗਯਾ ਮਦਾਨੀ ਬੈਠਾ ਹੀ ਸੀ ਕੇ ਝਾੜ ਵਿਚੋਂ ਸਰ ਸਰ ਹੋਈ ਉਠਕੇ ਕੀਹ ਵੇਖਦਾ ਹੈ ਕੇ ਸ਼ੇਰ ਹੈ ਸ਼ੇਰ ਨੇ ਹੰਭਲਾ ਮਾਰਿਆ ਪਰ ਢਿਲੇ ਹੋਨ ਕਰਕੇ ਆਪ ਡਿਗ ਪਿਆ ਕਿਕਰ ਸਿੰਘ ਨੂੰ ਸਮਾ ਲਭ ਪਿਆ ਝਟ ਛਾਲ ਮਾਰਕੇ ਸ਼ੇਰ ਦੇ ਉਪਰ ਹੋ ਬੈਠਾ ਅਤੇ ਗੜਵੀ ਨਾਲ ਹੀ ਢਾਈ ਫੇਹ ਸੁਟੀ ਜਦ ਸ਼ੇਰ ਠੰਡਾ ਹੋਗਿਆ ਤਾਂ ਕਿਕਰ ਸਿੰਘ

Original with:
Language Department Punjab
Digitized by:
Panjab Digital Library

ਨੂ ਲਬ ਆਗਿਆ ਅਨਾਮ ਲੈਣ ਦੀ ਸੁਝੀ ਰੌਲਾ ਪਾ ਦਿਤਾ ਲੋਕ ਭੀ ਕਠੇ ਹੋਗਏ ਕਹਨ ਲਗਾ ਜਾਓ ਮਹਾਰਾਜ ਨੂੰ ਆਖੋ ਤੁਹਾਡਾ ਭਲਵਾਨ ਸ਼ੇਰ ਨਾਲ ਘੁਲਦਾ ਹੈ। ਮਹਾਰਾਜ ਸੁਣਦੇ ਸਾਰ ਕੁਛ ਘੋੜ ਚੜ੍ਹ ਨਾਲ ਲੈ ਉਥੇ ਆਨ ਪਹੁਚੇ ਕਿਕਰ ਸਿੰਘ ਨੂੰ ਸ਼ਾਬਾਸ ਦਿਤੀ ਤੇ ਕਹਨ ਲਗੇ ਭਲਵਾਨ ਜੀ ਉਠੋ ਹੁਨ ਗੋਲੀ ਮਾਰੀਏ ਕਿਕਰ ਸਿੰਘ ਨੇ ਆਖਿਆ ਮਹਾਰਾਜ ਦੇ ਪ੍ਰਤਾਪ ਨਾਲ ਮੈਂ ਇਸਦਾ ਕੰਮ ਕਰ ਛਡਿਆ ਹੈ ਫੇਰ ਕੀ ਸੀ ਕਿਕਰ ਸਿੰਘ ਨੂੰ ਧੰਨ ਧੰਨ ਹੋਨ ਲਗ ਪਈ ਤੇ ਧਨ ਵੀ ਖੁਲਾ ਮਿਲ ਗਯਾ।

## "ਸਾਹਦਰੇ ਦਾ ਘੋਲ"

ਕਿਕਰ ਸਿੰਘ ਨੇ ਉਂਜ ਤਾਂ ਬਹੁਤ ਸਾਰੇ ਉਮਦਾ ਅਤੇ ਸੋਹਨੇ ਘੋਲ ਦਖਾਏ ਹਨ ਪਰ ਲਾਹੌਰ ਸ਼ਾਹਦਰੇ ਵਾਲਾ ਘੋਲ ਬੜਾ ਹੀ ਮਸ਼ਹੂਰ ਅਤੇ ਉਘਾ ਹੈ। ਇਦੇ ਵਿਚ ਹਰ ਥਾਂ ਅਤ ਹਰ ਇਲਾਕੇ ਦੇ ਬੰਦੇ ਕੀ ਗਰੀਬ ਕੀ ਅਮੀਰ ਅਰ ਬੜੇ ਬੜੇ ਸਰਕਾਰੀ ਅਫਸਰ ਮੌਜੂਦ ਸਨ। ਕਿਕਰ ਸਿੰਘ ਵੀ ਬੜੇ ਜੋਰਾਂ ਵਿਚ ਸੀ, ਜਦ ਕਿਕਰ ਸਿੰਘ ਵੀ ਅਤੇ ਗੁਲਾਮ ਪਿੜ ਵਿਖੇ ਨਿਕਲੇ ਤਾਂ ਕਿਕਰ ਸਿੰਘ ਨੇ ਆਂਵਦਿਆਂ ਹੀ ਗੁਲਾਮ ਨੂੰ ਇਕ ਐਸੀ ਧੌਲ ਮਾਰੀ ਜਿਦੇ ਨਾਲ ਗੁਲਾਮ ਦੀ ਘੰਡੀ ਫਿਰ ਗਈ ਅਤੇ ਓਹ ਭਵਾਂਟਨੀ ਖਾ ਕੇ ਭੋਂ ਤੇ ਡਿਗ ਪਿਯਾ। ਕਿਕਰ ਸਿੰਘ ਚੌਹਦਾ ਸੀ ਕੇ ਓਹ ਗੋਡਾ ਗੁਲਾਮ ਦੀ ਧੌਨ ਤੇ ਰਖਕੇ ਉਲਟਾ ਦੇਵੇ ਪਰ

Original with:
Language Department Punjab
Digitized by:
Panjab Digital Library

ਉਸਦੀ ਘੰਡੀ ਮੁੜ ਠੀਕ ਹੋਨ ਕਾਰਣ ਉਹ ਸੰਭਲ ਗਯਾ ਓਵੇਂ ਹੀ ਆਵਾਜ ਆਈ "ਕਿ ਓਹ ਮਾਰਾ" ਕਿਕਰ ਸਿੰਘ ਛਾਲ ਮਾਰਕੇ ਦੌੜਦਾ ਹੀ ਸੀ ਕਿ ਗੁਲਾਮ ਉਸ ਦੇ ਮਗਰ ਨਠਜਾ ਅਰ ਕੁਸਤੀ ਦੇ ਮੁਨਸਫਾ ਨੇ ਵੀ ਏਹ ਹੀ ਕਹਯਾ ਕੇ ਅਸਲ ਵਿਚ ਗੁਲਾਮ ਢਠਾਨਹੀਅਤੇਘੋਲ ਸਾਫ ਨਹੀ ਹੋਇਆ ਅਫਸਰਾਂ ਬਥੇਰਾ ਯਤਨ ਕੀਤਾ ਕਿ ਫੇਰ ਦੰਗਲ ਹੋਵੇ ਅਰ ਕਿਕਰ ਸਿੰਘ ਨੂੰ ਵੀ ਕਹਯਾ ਪਰ ਓਸ ਸ਼ੇਰ ਇਕ ਵੀ ਨਾ ਮੰਨੀ ਅਰ ਬਘੀ ਵਿਚ ਬੈਠਕੇ ਆਪਨੇ ਡੇਰੇ ਵਜੀਰ ਖਾਂ ਦੇ ਚੌਂਕ ਵਿਚ ਆ ਗਯਾ ਬੈਠਕ ਤੇ ਚੜ੍ਹਦਾ ਹੀ ਸੀ ਕਿ ਇਕ ਫਕੀਰ ਨੇ ਮਖੌਲ ਨਾਲ ਆਖਯਾ "ਪਹਿਲਵਾਨ ਤੇਰੇ ਵਿਚ ਬਲ ਤਾਂ ਬੜਾ ਪਰ ਤੇਰਾ ਦਿਲ" ਧੇਲੇ ਦੇ ਕਦੂ ਨਾਲੋਂ ਵੀ ਛੋਟਾ ਪਰ ਉਸ ਇਸਦਾ ਕੋਈ ਗੁਸਾ ਨਾ ਕੀਤਾ ਸਗੋਂ ਹਸਕੇ ਬੈਠਕ ਤੇ ਚੜ ਗਯਾ ਇਥੋਂ ਵੀ ਜਾਪਦਾ ਹੈ ਕੇ ਓਹ ਫਕੀਰਾਂ ਦਾ ਵੀ ਬੜਾ ਮੇਲੀ ਸੀ।

## ਵਾਕ ਸਤ

ਇਕ ਵੇਰ ਦੀ ਗਲ ਹੈ ਕਿ ਕਿਕਰ ਸਿੰਘ ਰਜਾਸਤ ਇੰਦੌਰ ਵਿਚ ਮਾਂਦਾ ਸੀ ਅਰ ਇਸਦੀਕਛਵਿਚਇਕਫੌੜਾਸੀ ਜੇੜਾ ਕਿ ਹਰ ਵੇਲੇ ਵਗਦਾ ਰੈਂਹਦਾ ਸੀ। ਮਹਾਰਾਜਾ ਸਾਹਿਬ ਨੇ ਇਹਦਾ ਘੋਲ ਮਿਥ ਦਿਤਾ ਪਰ ਇਹਦੇ ਚਾਚੇ ਨੇ ਇਸਨੂੰ ਆਕੇ ਰੋਕਯਾ ਅਰ ਆਖਯਾ ਕੇ ਤੂੰ ਮਹਾਰਾਜ ਨੂੰ ਕਹੁ ਕਿ ਮੈ ਤਿਨਾਂ ਵਰਹਿਆਂ ਦਾ ਮਾਂਦਾ ਹਾਂ ਮੈਨੂੰ ਜਰਾ

Original with:
Language Department Punjab
Digitized by:
Panjab Digital Library

ਤਗੜਾ ਹੋ ਲੈਨ ਦੇਓ। ਕਿਕਰ ਸਿੰਘ ਸੁਨਕੇ ਆਖਨ ਲਗਾ ਕਿ ਮਹਾਰਾਜ ਦੀ ਆਗਯਾ ਭੰਗ ਕਰਨੀ ਚੰਗੀ ਨਹੀ ਜਦ ਅਸੀ ਏਸੇ ਗਲ ਦੇ ਨੌਕਰ ਹਾਂ ਤਾਂ ਸਾਨੂੰ ਨਾ ਨੁਕਰ ਕਾਦੀ "ਨੌਕਰ ਕੀਤੇ ਨਖ਼ਰਾ ਕੀ" ਚਾਚੇ ਦੇ ਮੁੜ ਮੁੜ ਕਹਨ ਤੇ ਕਿਕਰ ਸਿੰਘ ਨੇ ਛਿਥੇ ਹੋਕੇ ਆਖਯਾ "ਚਾਚਾ ਤੂੰ ਛੇਤੀ ਘਰ ਜਾ ਮੈਨੂੰ ਸੁਪਨਾ ਆਯਾ ਹੈ ਕੇ ਹਰਨਾਮ ਸਿੰਘ ਦੇ ਘਰ ਪੁਤ੍ਰ ਹੋਯਾ ਹੈ ਪਰ ਮੁੰਡੇ ਦੀ ਮਾਂ ਨੂੰ ਬੜਾ ਔਖ ਹੈ ਕੁਜ ਜਾਕੇ ਉਪਾਉ ਕਰ" ਕਿਕਰ ਸਿੰਘ ਦਾ ਚਾਚਾ ਉਹਦੇ ਕਹਨੇ ਅਨੁਸਾਰ ਘਰ ਆਗਯਾ ਅਰ ਉਨੇ ਵੇਖਯਾ ਕੇ ਓਦੀ ਗਲ ਸਰ ਮੂਚ ਠੀਕ ਸੀ। ਥੋੜੇ, ਦਿਨ ਰੈਹਕੇ ਫੇਰ ਓਹ ਇੰਦੌਰ ਕਿਕਰ ਸਿੰਘ ਪਾਸ ਚਲਾ ਗਯਾ ਤੇ ਓਹਨੂੰ ਜਾਕੇ ਆਖਯਾ ਕਿ ਜੋ ਤੂੰ ਕਹਿਆ ਸੀ ਸਬ ਠੀਕ ਸੀ।

## ( ਪੁਤ ਨੂੰ ਤਾੜਨਾ )

ਇਕ ਵਾਰ ਉਦੇ ਵਡੇ ਪੁਤ ਨੇ ਆਖਯਾ "ਬਾਪੂ ਮੈਂ ਇਕ ਥਾਂ ਜਾਨਾ ਹੈ ਮੈਂ ਹੁਨੇ ਹੀ ਮੁੜਕੇ ਲਗਾ ਆਵਾਂਗਾ" ਕਿਕਰ ਸਿੰਘ ਨੇ ਕਹਯਾ ਕੇ ਕਿਥੇ ਚਲਿਆ ਹੈ। ਪੁਤ ਨੇ ਉਤ੍ਰ ਦਿਤਾ ਬਾਪੂ ਕਿ "ਖਰਬੂਜੇ ਖਾਨ" ਕਿਕਰ ਸਿੰਘ ਨੇ ਪੁਤ ਨੂੰ ਬੜਾ ਝਿੜਕਿਆ ਅਰ ਆਖਿਆ ਕੇ ਏਥੇ ਹੀ ਬੈਠ ਜਾਹ ਗਰੀਬਾਂ ਨੂੰ ਜਾਕੇ ਔਖਯਾ ਕਰੇਂਗਾ ਮੈਂ ਤੈਨੂੰ ਏਥੇ ਹੀ ਖਰਬੂਜੇ ਮੰਗਵਾ ਦੇਨਾ ਹਾਂ ਸੋ ਗਲ ਕੀਹ ਇਕ ਗਭਰੂ ਨੂੰ ਟਕੇ ਦੇਕੇ ਛਟਕੁ ਵਾਰ ਖਰਬੂਜੇ ਝਟ ਮੰਗਵਾ ਦਿਤੇ।

Original with:
Language Department Punjab
Digitized by:
Panjab Digital Library

# (ਕਿਕਰ ਸਿੰਘ ਦੀ ਬਾਣੀ ਸਫਲੀ)

ਕਿਕਰ ਸਿੰਘ ਇਕ ਦਿਨ ਬੈਠਾ ਹੋਯਾ ਸੀ ਅਰ ਹੋਰ ਬਹੁਤ ਸਾਰੇ ਬੰਦੇ ਉਸਦੇ ਲਾਗੇ ਬੈਠੇ ਹੋਏ ਸਨ ਕਿ ਏਹ ਗਲਚਲੀ ਕਿ ਮਤਾਬ ਅਤੇ ਸਮੁਦ ਸਿੰਘਦੇ ਘਰ ਕੋਈ ਬਾਲਕ ਨਹੀ ਹੁੰਦਾ। ਕਿਕਰ ਸਿੰਘ ਉਨਹਾਂ ਵਲ ਤਕਕੇ ਬੋਲਯਾ ਤੁਸੀ ਦੋਵੇਂ ਅਖਾੜੇ ਦੀ ਸੇਵਾ ਕੀਤਾ ਕਰੋ ਵਾਹਿਗੁਰੂ ਤੁਹਾਨੂੰ ਬਾਲਕ ਬਖਸ਼ੇਗਾ।ਦੋਨਾ ਨੇ ਨਿਸਚੇ ਨਾਲ ਏਹ ਸੇਵਾ ਕੀਤੀ ਕਯੋ ਕੇ ਓਹ ਇਸ ਗਲ ਦੇ ਜਾਣੂ ਸਨ ਕੇ ਪਹਲਵਾਨ ਸੱਤ ਵਾਦੀ ਹੈ ਉਸਦਾ ਬਚਨ ਨਹੀ ਖਾਲੀ ਜਾਂਦਾ। ਕਰਨੀ ਰਬ ਦੀ ਕੁਝ ਚਿਰ ਮਗਰੋਂ ਉਨਾਂ ਦੋਹਾਂ ਦੇ ਘਰ ਬਾਲ ਹੋਏ ਜੋ ਕੇ ਲੜਕੇ ਸਨ।

628

LIBRARY
A.C.C. No.

# ਧਾੜਵੀਆਂ ਨਾਲ ਟਾਕਰਾ

ਕਿਕਰ ਸਿੰਘ ਘੋੜੇ ਤੇ ਚੜਿਆ ਘਰਲਗਾ ਆਉਂਦਾ ਸੀ ਕਿ ਰਸਤੇ ਵਿਚ ਜਗਤੂ ਬਾਹਮਨ ਤੇ ਨਜਾਮ ਡਾਕੂ ਆਂ ਮਿਲੇ ਅਤੇ ਇਨਾਂ ਦੋਵਾਂ ਘੇਰਾ ਆ ਘਤਜਾ, ਅਰ ਕਹਨ ਲਗੇ" ਪਹਲਵਾਨ ਕੁਝ ਖਾਨ ਪੀਨ ਨੂੰ ਦੇਜਾ'ਕਿਕਰ ਸਿੰਘ ਘੋੜੇ ਤੋ ਹੇਠਾਂ ਉਤਰ ਕੇ ਦੋਵਾ ਦੀਆਂ ਧੌਨਾਂ ਵਿਚ ਹਥ ਪਾਏ ਅਤੇ ਦੋਹਾਂ ਨੂੰ ਟਕਰਾ ਕੇ ਮਾਰਨਾ ਚਾਹਿਆ ਤੇ ਕਹਜਾ" ਜੇ ਮੈਂ ਤੁਹਾਨੂੰ ਹੁਨ ਕੁਜ ਦੇ ਦੇਵਾਂ ਕਲ ਹੀ ਅਖਬਾਰ ਛਪਜਾਨ ਗੇ ਕਿ ਕਿਕਰ ਸਿੰਘ ਨੂੰ ਧਾੜਵੀਆਂ ਲੁਟਲਿਆ "ਜਗਤੂ ਬੋਲਿਆ ਅਸੀ ਤਾਂ ਜਾਨ ਬਚਾਕੇ ਨਸੀ ਫਿਰਦੇ ਹਾਂ ਤੂੰ ਸਾਨੂੰ ਕੀ ਤੰਗ ਕਰਦਾ ਹੈ ਜੇ ਕੁਝ ਦੇ ਸਕਦਾ ਹੈ ਤਾਂ ਦੇ ਦੇ

Original work:
Language Department Punjab
Digitized by:
Panjab Digital Library

ਨਹੀ ਤਾਂ ਭੂਰਜਾ॥ ਏਸ ਗਲੋਂ ਕਿਕਰ ਸਿੰਘ ਨੂੰ ਉਪਦੇਸ ਹੋਯਾ ਕਿ ਧਾੜਵੀ ਜੋ ਖੋਹ ਮਾਰ ਕਰਦੇ ਹਨ ਇਨਾ ਦਾਅੰਤ ਬੁਰਾ ਹੁੰਦਾ ਹੈ ਅਤੇ ਉਨਾਂ ਨੂੰ ਬੜਾ ਦੁਖ ਪਰਾਪਤ ਹੁੰਦਾ ਹੈ॥

# ਕਿਕਰ ਸਿੰਘ ਤੇ ਓਹਦਾ ਜੇਠਾ ਮੁੰਡਾ

ਆਖਦੇਹਨਕਿ ਕਿਕਰ ਸਿੰਘਦਾਵਡਾਮੁੰਡਾਕੁਝਉਡਾਰ ਹੋਗਿਆ ਸੀ ਤੇ ਕਿਕਰ ਸਿੰਘ ਦੇ ਅਨਡਿਠ ਕਰਨ ਤੇ ਸਿ ਨਾ ਆਉਨ ਕਰਕੇ ਬਹੁਤ ਖੁਲ ਗਿਆ ਸੀ ਲੋਕ ਬਥੇਰਾ ਕਿਕਰ ਸਿੰਘ ਨੂੰ ਕਹਦੇ ਘੜੀ ਮੁੜੀ ਖਬਰਾ ਪੁਚਾ ਦੇ ਪਰ ਓਹ ਘੇਸਵਟ ਛਡਦਾ ਲੋਕ ਸਮਝਦੇ ਜੋ ਕਿਕਰ ਸਿੰਘ ਮੁੰਡੇ ਥੋ ਦਬਦਾ ਹੈ ਜੋ ਓਹਦਾ ਕੁਝ ਬਾਨਨੂੰ ਨਹੀ ਬਨੁਦਾ ਪਰ ਕਿਕਰ ਸਿੰਘ ਸਿਆਣਾ ਸੀ ਓਹ ਚਾਹੁੰਦਾਸੀਕੇ ਮੁੰਡਾ ਪਿਓ ਦੀ ਘੂਰ ਤੇ ਪੈਹਲਾ ਆਪੇ ਹੀ ਸੁਧਰ ਜਾਏ ਪਰ ਜਦ ਓਹ ਦੀ ਏਹ ਸਿਆਣਪ ਲੇਖੇ ਨਾ ਲਗੀ ਮੁੰਡੇ ਨੇ ਵੇਰ ਸਾਰਾ ਰੁਪਯਾ ਉਜਾੜ ਦਿਤਾ ਤਾ ਕਿਕਰ ਸਿੰਘ ਨੇ ਸੁਰਤ ਕੀਤੀ ਤੇ ਅਜੇਹਾ ਨਕ ਜਿੰਦ ਕੀਤਾ ਕੇ ਦਿਨਾਂ ਵਿਚ ਹੀ ਸੌਰ ਗਿਆ।

# ਰਜਾਸਤ ਟੌਕ ਵਿਚ ਬਲ ਪ੍ਰੀਖਯਾ

ਇਕਵਾਰ ਟੌਕ ਦੇਨਵਾਬਸਾਹਿਬਨੇ ਕਪੜਿਆਂ ਦੇ ਗਠੇ ਮੰਗਵਾਏ ਰਾਜਿਆਂ ਅਤੇ ਨਵਾਬਾਂਦੇ ਰੋਹੁਲ ਹੋਯਾਹੀ ਕਰਦੇ

Original
Language Department Punjab
Digitized by:
Panjab Digital Library

ਹਨਨਵਾਬ ਸਾਹਿਬ ਨੇ ਫਰਮਾਯਾ ਕਿ ਸਬ ਤੋ ਵਡਾ ਗਠ ਸਨਬੰਧ ਹੀ ਮੈਹਲ ਤੇ ਪੁਰਾਯਾ ਜਾਵੇ ॥ਉਨੀਂ ਦਿਨੀਂ ਨਵਾਬ ਸਾਹਬਦੇ ਤੋਪਖਾਨੇ ਵਿਚ ਇਕ ਜਬਰੂ ਪਠਾਨ ਆਪਨੇ ਬਲ ਕਰਕੇ ਬੜਾ ਪਰਸਿਧ ਸੀ ॥ ਨਵਾਬ ਨੇ ਉਸਨੂੰ ਬੁਲਾਯਾ ਅਤ ਹੁਕਮ ਦਿਤਾ ਕਿ ਏਹ ਗਠਾ ਉਪਰ ਪਚਾਦੇ ॥ਓਨਬੜਾ ਜ਼ੋਰ ਲਾਇਆ ਪਰ ਹੰਬ ਗਯਾ ਅਰ ਕੁਜ ਪੇਸ਼ ਨਾ ਚਲੀ। ਫੇਰ ਨਵਾਬ ਸਾਹਬ ਨੇ ਕਿਕਰ ਸਿੰਘ ਨੂੰ ਬੁਲਾਯਾ ਅਤੇ ਫਰਮਾਯਾ ਕੇ ਗਠਾ ਮਹਲ ਤੇ ਪੁਰਾ ਦੇਵੇ ॥ ਕਿਕਰ ਸਿੰਘ ਨੇ ਗਠਾ ਸਹਜੇ ਹੀ ਚੁਕਲਯਾ ਅਰ ਮਹਲ ਦੇ ਸਿਖਰ ਪੁਚਾਯਾ ਲੋਕ ਕੈਹਦੇ ਹਨ ਕੇ ਮਹੱਲ ਦੀਆਂ ੭੦ ਪੌੜੀਆਂ ਸਨ ॥ ਨਵਾਬ ਸਾਹਬ ਬੜੇ ਪ੍ਰਸਿਨ ਹੋਇ ਅਤੇ ਆਪਣੇ ਆਖਿਆ "ਪਹਿਲਵਾਨ ਜੋ ਮੰਗਣਾ ਈ ਮੰਗਲੇ" ਕਿਕਰ ਸਿੰਘ ਉਤ੍ਰ ਦਿਤਾ "ਹਜ਼ੂਰ ਮੈਂ ਪਾਡੀ ਨਹੀ ਜੋ ਭਾਰ ਦੀ ਵਢਾਈ ਲਵਾਂ ਮੈ ਪਹਿਲਵਾਨ ਹਾਂ ਮੈ ਪਹਿਲਵਾਨੀ ਕਰਕੇ ਇਨਾਮ ਲਵਾਂਗਾ"

ਨਵਾਬ ਹੋਰ ਵੀ ਵਧੇਰੇ ਪ੍ਰਸੰਨ ਹੋਆ ਅਰ ਜਦ ਕਿਕਰ ਸਿੰਘ ਆਪਨੇ ਡੇਰੇ ਆਯਾ ਇਦੇ ਸੰਗੀ ਸਾਥੀਆਂ ਨੇ ਆਖਯਾ "ਪਹਿਲਵਾਨ ਜੀ ਤੁਹਾਨੂੰ ਮੁਖਤ ਵਿਚ ਇਨਾਮ ਮਿਲਦਾ ਸੀ ਤੁਸੀ ਕਿਉ ਛਡਿਆ" ਕਿਕਰ ਸਿੰਘ ਉਤ੍ਰਦਿਤਾ "ਭਈ ਜੇ ਮੈ ਲੈ ਲੈਂਦਾ ਤਾਂ ਕਲ ਹੀ ਅਖਬਾਰ ਵਿਚ ਛਪ ਜਾਂਦਾ ਕਿ ਕਿਕਰ ਸਿੰਘ ਟੋਕ ਵਿਚ ਪੰਡਾਂ ਢੋ ਕੇ ਗੁਜ਼ਾਰਾ ਕਰਦਾ ਹੈ"

Original with:
Language Department Punjab
Digitized by:
Panjab Digital Library

# ਕਿਕਰ ਸਿੰਘ ਦੀ ਅੜੀ ਮਾਰੀ ।

ਜਦ ਨਵਾਬ ਸਾਹਬ ਟੌਂਕ ਦਾ ਵਿਆਹ ਹੋਯਾ ਤਾਂ ਓਨਾਂ ਨੇ ਬੇਗਮ ਸਾਹਬ ਲਈ ਇਕ ਨਯਾ ਮਹੱਲ ਬਨਵਾਯਾ ਜਿਦੇ ਬਨਾਨ ਦਾ ਪ੍ਰਬੰਧਕ ਕਿਕਰ ਸਿੰਘ ਸੀ। ਜਦ ਮਕਾਨ ਤਯਾਰ ਹੋਗਿਆ ਤਦ ਬੇਗਮ ਸਾਹਬ ਨੇ ਫਰਮਾਯਾ ਕਿਅਸੀ ਮਹੱਲ ਵੀ ਵੇਖਨਾ ਚਾਹਦੇ ਹਾਂ ਅਰ ਤੁਹਾਡੇ ਪਹਿਲਵਾਨ ਦੇ ਕਰਤਬ ਵੀ ॥ ਸੋ ਬੂਹਿਆ ਅਤੇ ਬਾਰੀਆਂ ਤੇ ਚਿਕਾਂ ਲਵਾ ਦਿਤੀਆਂ ਅਤੇ ਬੇਗਮ ਸਾਹਬ ਆ ਗਈ ॥ ਕਿਕਰ ਸਿੰਘ ਨੇ ਕੁਝ ਚਿਰ ਆਪਨੀ ਕੁਸਤੀ ਦੇ ਕਰਤਬ ਦਖਲਾਏ ਅਤੇ ਫੇਰ ਓਵੇਂ ਹੀ ਮਿਟੀ ਨਾਲ ਭਰਿਆ ਉਸ ਬੂਹੇ ਉਤੇ ਜਿਥੋ ਬੇਗਮ ਸਾਹਿਬਾਂ ਨੇ ਲੰਘਨਾ ਸੀ ਆਨਕੇ ਬੈਹ ਗਯਾ। ਕੰਡ ਅੰਦਰ ਵਲ ਸੀ ਅਰ ਮੂੰਹ ਬਾਰਵਲ। ਨਵਾਬ ਸਾਹਿਬ ਜੋ ਇਸਨੂੰ ਮੋਦੂ ਰਾਮ ਆਖਦੇ ਹੁੰਦੇ ਸਨ ਆਨਕੇ ਆਖਯਾ "ਮੋਦੂ ਰਾਮ ਉਠ ਬੇਗਮ ਸਾਹਿਬਾ ਜਾਨ ਲਈ ਖੜੇ ਹਨ। ਪਹਿਲਵਾਨ ਬੋਲਯਾ ਕ੍ਰਿਪਾਲੂ ਜੀ ਸਾਡੂ ਇਨਾਮ ਮਿਲਨਾ ਚਾਹੀਦਾ ਹੈ ਅਰ ਕਿਕਰ ਸਿੰਘ ਦਾ ਵ ਓਨਾਂ ਦਿਨਾਂ ਵਿਚ ਨਵਾਂ ਹੀ ਵਯਾ ਹੋਇਆ ਸੀ ਇਸ ਲਈ ਉਨੇ ਓਧਰ ਇਸ਼ਾਰਾ ਕਰਕੇ ਆਖਯਾ "ਬੇਗਮ ਸਾਹਿਬ ਆਪਨੀ ਨੂੰਹ ਲਈ ਆਪਨੀ ਸਾਨ ਦੇ ਅਨੁਸਾਰ ਮਾਨੋ ਵਧਾਨ" ਜਿਸਦਾ ਫਲ ਏਹ ਹੋਇਆਕੇ ਬੇਗਮ ਸਾਹਿਬ ਨੇ ਕਿਕਰ ਸਿੰਘ ਨੂੰ ੫੦੦੦ ਰੁਪਯਾ ਅਤੇ ਉਦੀ ਵਹੁਟੀ ਲਈ ਕੰਗਨਾਂ ਦੀ ਜੋੜੀ ਪਰਵਾਨ ਕੀਤੀ ਅਰ ਇੰਵੇ ਹੀ ਹੋਰਨਾ

*Original with:*
Language Department Punjab
*Digitized by:*
Panjab Digital Library

ਨੂੰ ਇਨਾਂਮ ਦਵਾਕੇ ਬੂਹੇ ਉੱਤੋਂ ਉਠਾਯਾ ।

## ਰਲਕੇ ਘੁਲਨਾ

ਕਿਕਰ ਸਿੰਘ ਦੇ ਨਾਉਂ ਦੀ ਬੜੀ ਮਸ਼ਹੂਰੀ ਸੀ ਕਈ ਪਹਿਲਵਾਨ ਆਂਉਂਦੇ ਅਰ ਕੈਂਹਦੇ ਪਹਲਵਾਨ ਤੇਰੇ ਨਾਲ ਘੁਲੀਏ ਪਰ ਏਸ ਸ਼ਰਤ ਤੇ ਕਿ ਨਾ ਤੂੰ ਸਾਨੂੰ ਢਾਵੇਂ ਨਾ ਅਸੀ ਤੈਨੂੰ ਅਰਇੰਵੇਂ ਤੇਰੀ ਕਿਰਪਾ ਕਰਕੇ ਅਸੀ ਚਾਰ ਪੈਸੇ ਕਮਾ ਲਈਏ। ਅਤੇ ਤੇਰੇ ਨਾਲ ਇਕ ਵੇਰੀ ਘੁਲਨ ਨਾਲ ਸਾਨੂੰ ਏਹ ਲਾਭ ਹੋ ਜਾਵੇਗਾ ਕਿ ਸਾਡਾ ਵਡੇ ਘੁਲਾਟੀਆਂ ਵਿਚ ਨਾ ਹੋ ਜਾਵਗਾ ਅਤੇ ਪੈਸਾ ਬਹੁਤਾ ਖਟਾਂਗੇ। ਕਿਕਰ ਸਿੰਘ ਕਿਸੇਦਾ ਭਲਾ ਵੇਖ ਮਨ ਪੈਂਦਾ ਅਤੇ ਬਚਨ ਕਰ ਘੋਲ ਘੁਲਦਾ। ਕਿਕਰ ਸਿੰਘ ਨਾਲ ਅਜਿਹੇ ਬੜੇ ਘੋਲ ਹੋਏ ਜਿਨਾਂ ਵਿਚ ਕੇ ਰਲਾ ਹੁੰਦਾ ਸੀ ਅਰ ਏਹ ਗਲ ਬਹੁਤ ਖਿਲ਼ਰ ਗਈ ਸੀ । ਪਰ ਉਦੇ ਭਾਗ ਬੜੇ ਵਸ਼ੇਸ਼ ਸਨ ਜਦੋਂ ਉਸਦੀ ਕੁਸ਼ਤੀ ਹੁੰਦੀ ਦੁਨਯਾ ਟੁਟਕੇ ਆ ਜਾਂਦੀ ਅਤੇ ਠੇਕੇ ਦਾਰ ਆਪਨੀ ਵਿਚਾਰ ਤੋਂ ਜਯਾਦਾ ਰੁਪਯਾ ਕਮਾ ਕੇ ਹਥ ਰੰਗ ਲੈਂਦੇ।

ਇਕ ਵੇਰੀ ਕਿਕਰ ਸਿੰਘ ਦੀ ਕੁਸਤੀ ਚਾਨਨ ਲਾਹੌਰੀ ਨਾਲਬਹਾਵਲ ਪੁਰਵਿਚ ਹੋਈ ਅੰਤਦੰਗਲਰਲਕ ਹੋਯਾ ਸੀ ਕਿਕਰ ਸਿੰਘ ਅਤੇ ਚਾਨਨ ਨੇ ਆਪਸ ਵਿਚ ਧਰਮ ਕਰਲਯਾ ਅਰ ਸੁਗੰਧਾ ਖਾ ਲੀਤੀਆਂ ਕੇ ਇਕ ਦੂਜੇ ਨੂੰ ਨਹੀਂ ਡੇਗਣਾ ਅਰ ਜੇੜਾ ਪਰਨ ਤੋੜੇਗਾ ਓਨੂੰ

*Original with:*
Language Department Punjab
*Digitized by:*
Panjab Digital Library

ਰਬ ਵੇਖ ਲੈਗਾ। ਪਰੰਤੂ ਜਦੋਂ ਕੁਸਤੀ ਸ਼ੁਰੂ ਹੋਈ ਅਰ ਘੁਲਦਿਆਂ ਘੁਲਦਿਆਂ ਕੁਝ ਚਿਰ ਗੁਜ਼ਰ ਗਯਾ ਅਰ ਕਿਕਰ ਸਿੰਘ ਨੇ ਪ੍ਰੋਨ ਅਨੁਸਾਰ ਇਕ ਵਾਰ ਚਾਨਨ ਨੂੰ ਅਗੇ ਰਖਕੇ ਛਡ ਦਿਤਾ ਪਰ ਚਾਨਨ ਨੇ ਪਰਨ ਤੋੜ ਦਿਤਾ ਅਰਥਾਤ ਕਿਕਰ ਸਿੰਘ ਨੂੰ ਅਗੇ ਰਖਕੇ ਜਦ ਓਹ ਖੜੋਨਾ ਚਾਹੁੰਦਾ ਸੀ ਪਿਠ ਲਾ ਦਿਤੀ। ਕਿਕਰ ਸਿੰਘ ਨੇ ਆਖਯਾ ਕੇ ਏਨੇ ਪਰਨ ਨੂੰ ਤੋੜ ਦਿਤਾ ਹੈ। ਵਡੇ ਹਾਕਮਾਂ ਨੇ ਧੋਖਾ ਦੇਨ ਦੇ ਅਲਜਾਮ ਵਿਚ ਦੋਨੇ ਪਹਲਵਾਨਾਂ ਨੂੰ ਸਨੇ ਠੇਕੇਦਾਰਾਂ ਦੇ.... ਅੰਦਰ ਕਰ ਦਿਤਾ। ਪਰ ਏਸ ਉਚਿਤ ਉਤ੍ਰ ਕੇ ਏਹ ਉਨਾਂ ਦਾ ਆਪਨਾ ਅਕਰਾਰ ਸੀ ਪੂਰਾ ਕਰਨਾ ਯਾ ਨਾ ਕਰਨਾ ਏਨਾਂ ਦਾ ਆਪ ਨਾਲ ਸਨਬੰਧ ਰਖਦਾ ਸੀ ਆਮ ਲੋਗਾਂ ਦੇ ਸਾਮਨੇ ਪੋਲ ਸਾਫ ਹੋ ਜਾਨ ਤੋਂ ਹਾਕਮਾਂ ਨੇ ਉਨਾਂ ਨੂੰ ਛਡ ਦਿਤਾ।

## ਬੈਂਕਾਂ ਦਾ ਟੁਟਨਾ

ਜਦ ਕਿਕਰ ਸਿੰਘ ਨੇ ਪੀਪਲਜ਼ ਬੈਂਕ ਦੇ ਟੁਟਨ ਦੀ ਬਾਬਤ ਸੁਨਯਾ ਤਦ ਉਨੇ ਕੋਈ ਅਖਬਾਰ ਮੰਗਵਾਕੇ ਸੁਨਯਾ ਅਰ ਕਹਯਾ "ਮੈਂ ਏਸੇ ਪਿਛੇ ਬੈਂਕਾਂ ਵਿਚ ਰੁਪੀਆ ਨਹੀ ਰਖਦਾ ਬੈਂਕ ਵਿਚ ਰਖਕੇ ਐਂਵੇਹੀ ਦਿਲ ਨੂੰ ਧੜਕੜੀ ਲਾਨੀ ਹੈ ਪੈਸਾ ਓਹੀ ਹੈ ਜੇਹੜਾ ਰੰਡ ਵਿਚ ਹੈ।

Original with:
Language Department Punjab
Digitized by:
Panjab Digital Library

# ਕਿਕਰ ਸਿੰਘ ਦੇ ਰੁਪਯੇ ਦੀ ਸਾਂਭਦਾ ਤਰੀਕਾ

ਦਿਨ ਬਦਿਨ ਦੀ ਆਮਦਨੀ ਕਰਕੇ ਕਿਕਰਸਿੰਘ ਨੇ ਇਕ ਬੜੀ ਚੋਖੀ ਜਾਇਦਾਦ ਬਨਾ ਲਈ ਸੀ ਬਹੁਤ ਸਾਰੀ ਜਮੀਨ ਉਸਨੇ ਮੁਲ ਲੈ ਰਖੀ ਸੀ ਜਿਸਤੋਂ ਓਹਨੂੰ ਬੜੀ ਤਗੜੀ ਆਂਮਦਨ ਹੁੰਦੀ ਸੀ। ਕਿਕਰ ਸਿੰਘ ਨੇ ਕੁਝ ੨ ਚੰਗੇ ਤਗੜੇ ਗਬਰੂ ਮੁੰਡੇ ਆਪਨੇ ਪਾਸ ਰਖੇ ਹੋਏ ਸਨ ਜਿਨਾਂ ਦਾ ਕੰਮ ਹਰ ਵੇਲੇ ਹਾਜਰ ਰਹਿਨਾ ਸੀ ਚੰਗੇ ਤੋਂ ਚੰਗਾ ਖਾਂਦੇ ਪੀਂਦੇ ਅਤੇ ਤਾਸ-ਬਾਰਾਂ ਟਾਂਨੀ, ਚੌਪੜ ਚੂਪੜ ਖੇਡ ਛਡਦੇ।

# ਕਿਕਰ ਸਿੰਘ ਦਾ ਸਖੀ ਪੁਨਾ

ਕਿਕਰ ਸਿੰਘ ਫਕੀਰ ਵੀ ਸੀ ਸੰਤ ਮਹਾਤਮਾ ਦੀ ਪਾਲਨਾ ਕਰਦਾ ਗਰੀਬ ਗੁਰਬੇ ਦੀ ਸਹਾਇਤਾ ਕਰਦਾ॥ ਓਦੇ ਡੇਰੇ ਇਕ ਸਦਾ ਵਰਤ ਰੈਂਹਦਾ ਜੋ ਕੋਈ ਪਰੌਣਾ ਆਉਦਾ ਭਾਵੇ ਹਿੰਦੂ ਭਾਵੇਂ ਮੁਸਲਮਾਨ ਓਸਨੂੰ ਓਥੇ ਰਸਦ ਪਾਨੀ ਮਿਲ ਜਾਂਦਾ॥

ਇਕਵੇਰਦੀ ਗਲਹੈਕਿਜਦਇਸਦੇਉਸਤਾਦਗੁਲਾਮੀ ਘੁਮਯਾਰ ਦੀ ਸਪੁਤ੍ਰੀ ਦਾ ਵਯਾਹ ਹੋਇਆ ਤਾਂਇਸੇ ਨੇ੩੦੦ ਰੁਪਯਾ ਭੇਟਾ ਕੀਤੀ॥ ਤੇ ਧੀ ਵਾਂਗ ਹੀ ਜਾਨਦਾ ਰਿਹਾ।

# ਕਿਕਰ ਸਿੰਘ ਦਾ ਮਖੌਲ

ਕਿਕਰ ਸਿੰਘ ਦਾ ਸੁਭਾਉ ਅਤੀ ਹੀ ਮਖੌਲੀਆ ਸੀ ਅਰ ਉਹ ਹਾਸੇ ਠੱਠੇ ਨੂੰ ਹੀ ਪੇਹਲਵਾਨੀ ਦਾ ਮੁਖ ਕਾਰਨ

*Original with:*
Language Department Punjab
*Digitized by:*
Panjab Digital Library

ਸਮਝਦਾ ਸੀ ਮਾਨੋ ਉਹ ਇਸ ਵਾਕ ਤੇ ਅਮਲ ਕਰਦਾ ਹੁੰਦਾ ਸੀ।

ਜਿੰਦਗੀ ਜਿੰਦਾ ਦਿਲੀ ਕਾ ਨਾਮ ਹੈ
ਮੁਰਦਾ ਦਿਲ ਖਾਕ ਜੀਆ ਕਰਤੇ ਹੈ।

ਯਥਾ ਕਿ ਇਕ ਵਾਰੀ ਕਿਕਰ ਸਿੰਘ ਜੰਮੂ ਦੀ ਰਿਆਸਤ ਵਿਚ ਨੌਕਰ ਸੀ ਅਰ ਉਸਦੇ ਪਾਸ ਉਸਦੇ ਪਿੰਡਦਾ ਇਕ ਮਾਸ਼ਕੀ ਜਿਸਦਾ ਨਾਮ, ਸ਼ਹਾਬ ਸੀ ਗਿਆ ਅਰ ਕਿਹਾ ਕਿ ਮੇਰੇ ਤੇ ਭੀ ਕ੍ਰਿਪਾ ਕਰੋ ਅਰ ਮੇਰਾ ਨਾ ਪੈਹਲਵਾਨਾਂ ਵਿਚ ਲਖਾ ਦਿਉ ਤਾ ਕਿ ਮੈ ਸਦਾ ਲਈ ਗਰੀਬੀ ਦੇ ਪੰਜੇ ਤੇ ਛੁਟ ਜਾਵਾਂ. ਪੈਹਲਵਾਨ ਨੇ ਜਤਨ ਭਾਂ ਬਥੇਰਾ ਕੀਤਾ ਪਰ ਉਸਦੀ ਦੁਰਭਾਗਤਾ ਕਿ ਉਹ ਮਨਜ਼ੂਰ ਨਾ ਹੋ ਸਕਿਆ ਉਸ ਵੇਲੇ ਉਸ ਨੂੰ ਇਹ ਸੁਝੀ ਕਿਹਾ ਕਿ ਇਸ ਨੂੰ ਉਡਨਾਂ ਸਖਾਉ ਉਸਦੇ ਡੌਲਿਆਂ ਨਾਲ ਬਾਂਸ ਬਨਿ ਕੇ ਓਸਨੂੰ ਉਚਾ ਕਰ ਦਿਤਾ ਅਤ ਹਿਠੋਂ ਉਸਦਾ ਤਾਹਮਦ ਖਿਚ ਦਿਤਾ ਅਰ ਕਿਹਾ ਕਿ ਉਡ ਜਾ।

**ਆਮ ਮਖੌਲ**—ਕਿਲਾ ਸੋਭਾਸਿੰਘ ਨਾਰੋ ਵਾਲ ਆਦ ਇਲਾਕੇ ਨੂੰ ਧੜਬ ਆਖਦੇ ਹਨ—ਉਥੋ ਦੇ ਲੋਕਾਂ ਨੂੰ ਛਿੰਜਾਂ ਦਾ ਬੜਾ ਸੌਂਕ ਹੈ— ਅਰ ਉਸ ਪਾਸੇ ਦੇ ਲੋਕ ਤਾਹਮਦ ਤਭਲੀਆਂ ਆਦ ਬਨ੍ਹਿਆ ਕਰਦੇਹਨ—ਉਨਾਂਲੋਕਾਂ ਵਿਚਜਦ ਕੋਈ ਕਿਕਰ ਸਿੰਘ ਨੂੰ ਮਿਲਨ ਲਈ ਜਾਂਦਾ ਭਾਂ ਉਹ ਇਕ ਹਥ ਨਾਲ ਉਨਾ ਨਾਲਦਸਤਪੰਜਾਲੈਂਦਾਅਰ ਦੂਜੇ ਹਥਨਾਲ ਉਨਾਂ ਦੀਤਾਹਮਤੀ ਛਿਕ ਛਡਦਾ ਸੀ ਉਹ ਲੋਕ ਸਰਮਿੰਦੇ ਹੋ

Original ...:
Language Department Punjab
Digitized by:
Panjab Digital Library

ਜਾਂਦੇ ਅਰ ਕਹਿਦੇ ਕਿ ਪੇਹਲਵਾਨ ਬੜਾ ਲੁਚਾ ਹੈ- ਜੋ ਰਾਹ ਜਾਦਿਆਂ ਦੀਆਂ ਲਕਦੀਆਂਲਾਹਕੇ ਕਹਿੰਦਾ ਹੈਭਾਈ ਤੇਰਾ ਦਾਣਾ ਫਕਾ ਰੁਲਦਾ ਜਾਂਦਾ ਸੰਭਾਲ ਲੈ-

**ਇਕ ਚਤ੍ਰ ਜਨਾਨੀ** ਇਕ ਵਾਰੀ ਦੀ ਗਲ ਹੈ ਕਿ ਇਕ ਆਦਮੀ ਸਿਰ ਤੇ ਲਕੜੀਆਂ ਦਾ ਭਾਰ ਚਾਈ ਸਣੇ ਆਪਣੀ ਜਨਾਨੀ ਦੇ ਜਾ ਰਿਹਾ ਸੀ ਉਸ ਦੀ ਇਸਤ੍ਰੀ ਕੁਝ ਸੁੰਦ੍ਰ ਸੀ ਪਰ ਉਹ ਆਪ ਕ੍ਰਹਝਾ ਸੀ ਕਿਕਰ ਸਿੰਘ ਨੇ ਪੁਛਿਆ ਤੁਸੀ ਕਿਥੇ ਜਾ ਰਹੇ ਹੋ- ਉਸ ਜਨਾਨੀ ਨੇ ਆਖਿਆ- ਵਕੀਲ ਕਰਨ ਕਿਕਰ ਸਿੰਘ ਨੇ ਜਨਾਨੀ ਨੂੰ ਕਿਹਾ ਕਿ ਕੀ ਤੂੰ ਵਕੀਲ ਕਰੇਗੀ- ਜਨਾਨੀ ਨੇ ਉਸ ਦੀਏਸ ਰਮਜ਼ ਨੂੰ ਨਾਂ ਸਮਝਿਆ ਤੇ ਕਿਹਾ ਹਾਂ ਮੈਵਕੀਲ ਕਰਨ ਜਾ ਰਹੀ ਹਾਂ- ਕਿਕਰ ਸਿੰਘ ਨੇਫੇਰ ਕਿਹਾ ਕਿਕੀ ਤੂੰ ਹੀ ਵਕੀਲ ਕੇਰੇਗੀ-ਭਾਵ ਵਕੀਲ ਨੂੰਪਤੀ ਬਨਾਇਗੀ- ਇਸਤ੍ਰੀ ਨੇ ਕਿਹਾ ਹਾਂ ਮੈ ਹੀ ਕੀਤਾ ਕਰਦੀ ਹਾਂ-ਪੇਹਲਵਾਨ ਨੇ ਪੁਛਿਆ ਇਹ ਤੇਰਾ ਕੀ ਲਗਦਾ ਹੈ-ਉਸਨੇ ਕਿਹਾ ਮੇਰਾ ਘਰ ਵਾਲਾ ਹੈ ਪੈਹਲਵਾਨ ਨੇ ਕਿਹਾ ਤੂੰ ਤਾਂ ਵਕੀਲ ਕਰੇ ਗੀ ਇਹ ਕੀ ਕਰੇ ਗਾ ਉਸ ਦੇ ਇਉ ਕਹਨ ਤੇ ਉਸਜਨਾਨੀ ਨੂੰ ਪਤਾ ਲਗਾਕਿ ਇਹ ਤਾਂ ਮਖੌਲ ਕਰਦਾ ਹੈ-ਟੁਰ ਪਏ-ਪਰ ਕਿਕਰ ਸਿੰਘ ਨੇ ਜਾਨ ਲਗਿਆਂ ਉਸਦੇ ਆਦਮੀ ਦੀ ਤੈਹਮਤ ਖਿਚ ਛੱਡੀ-ਅਰ ਉਹ ਸਰਮਿੰਦਾ ਹੋਇਆ ਅਰ ਇਸਤ੍ਰੀ ਗਾਲੀ ਮੰਦਾ ਕਢਿਆ ਅਰ ਰਾਹ ਪਈ ॥

Original with:
Language Department Punjab
Digitized by:
Panjab Digital Library

ਪੈਹਲਵਾਨ ਕਿਹਾ ਸਾਡੇ ਦੇਸ ਦਾ ਵਾਧਾ ਕਿਸਤ੍ਰਾਂ ਹੋ ਸਕਦਾ ਹੈ ਜਿਥੋਂਦੀਆਂ ਇਸਤ੍ਰੀਆਂ ਤਾਂ ਖੁਦ ਮੁਖਤਿਆਰ ਹੋਨ ਅਰਥਾਤ ਜੋ ਚਾਹਨ ਸੋ ਕਰਨ ਅਰ ਆਦਮੀ ਕੁਲੀਆਂ ਦਾ ਕੰਮ ਕਰਨ।

**ਆਪੇ ਹੀ ਸ਼ਰਮਿੰਦਾ ਹੋਇਆ** ਇਕ ਵਾਰੀ ਦੀ ਗਲ ਹੈ ਕਿ ਇਕ ਦਿਨ ਆਪ ਨਿਆ ਪਠਿਆਂ ਤਾਈਂ ਜੋਰ ਕਰਾ ਰਿਹਾ ਸੀ ਉਸ ਵੇਲੇ ਸ਼ਾਇਦ ਉਸਤਾਦ ਨੂਰਦੀਨ ਲਾਹੌਰੀ ਭੀ ਕਿਸੇ ਘੋਲ ਦੇ ਨਿਯਤ ਕਰਨ ਲਈ ਆਏ ਹੋਇ ਸਨ–ਕਿਕਰ ਸਿੰਘ ਦਾ ਇਕ ਪੱਠਾ ਕਿਸੇ ਥਾਂ ਫਟ ਦੇ ਲਗਨ ਦੇ ਕਾਰਨ ਪਿਛੇ ਹਟ ਗਿਆ ਅਰ ਪੂੰਝਨ ਲਗ ਪਿਆ–ਉਸ ਵੇਲੇ ਕਿਕਰ ਸਿੰਘ ਬੋਲਿਆ ਕਿਉਂ ਉਸਤਾਦ ਜੀ ਜਦੋਂ ਮੇਰੇ ਅਤੇ ਕਲੂ ਦੇ ਘੋਲ ਵਿਚ ਉਸਨੇ ਨਹੁੰ ਮਾਰਕੇ ਮੇਰਾ ਮੂੰਹ ਛਿਲ ਦਿਤਾ ਸੀ ਕੀ ਮੈਂ ਭੀ ਉਸ ਵੇਲੇ ਪੂੰਝਿਆਸੀ ?ਉਸਦੀ ਇਸ ਗਲ ਤੇ ਸਾਰੇ ਹਸ ਪਏ ਅਰ ਆਪ ਹੀ ਆਪਣੀ ਗਲ ਤੋਂ ਸ਼ਰਮਿੰਦਾ ਹੋਇਆ।

**ਕਿਕਰ ਸਿੰਘ ਦੀ ਕਾਹਲ** ਇਕ ਵਾਰੀ ਕਿਸੇ ਛਿੰਜ ਤੇ ਜਾਨੇ ਦੀ ਤਿਆਰੀ ਵੇਲੇ ਬੜੀ ਛੇਤੀ ਕਪੜੇ ਪਾ ਆਪਣੇ ਸਾਥੀਆਂ ਨਾਲੋਂ ਪਹਿਲਾਂ ਤਿਆਰ ਹੋਗਿਆ–ਸਾਥੀਆਂ ਨੇ ਕਿਹਾ ਯਾਰ ਕਾਹਲ ਨਾਂ ਕਰ ਸਾਨੂੰ ਭੀ ਤਿਆਰ ਹੋ ਲੈਨ ਦੇ–ਅਗੋਂ ਕਿਕਰ ਸਿੰਘ ਨੇ ਕਿਹਾ–ਭਾਈ ਤੁਹਾਨੂੰ ਪਤਾ ਨਹੀ ਕਿ

*Original with:*
Language Department Punjab
*Digitized by:*
Panjab Digital Library

ਮੈਂ ਜੰਮਨ ਲਗਿਆਂ ਭੀ ਕਾਹਲ ਕੀਤੀ ਸੀ ਅਰਥਾਤ ਲੋਕਾਂ ਨਾਲੋਂ ਦੋ ਮਹੀਨੇ ਪਹਿਲਾਂ ਜੰਮਿਆਂ ਸਾਂ—ਭਾਵ ੭ ਮਾਹਿਆਂ ਸੀ—ਸਾਥੀ ਹਸ ਪਏ ਅਰ ਤਿਆਰੀ ਕਰ ਛਿੰਝ ਨੂੰ ਗਏ।

## ਕਿਕਰ ਸਿੰਘ ਨੂੰ ਸੋਟਿਆਂ ਨਾਲ ਸ਼ਗਣ

ਇਕ ਵਾਰੀ ਦੀ ਗਲ ਹੈ ਕਿ ਕੁਝ ਜਨਾਨੀਆਂ ਕਿਕਰ ਸਿੰਘ ਨੂੰ ਵੇਖਨ ਲਈ ਆਈਆਂ—ਉਨਾਂ ਨੂੰ ਕਿਕਰ ਸਿੰਘ ਨੇ ਕਿਹਾ ਸ਼ਗਨ ਲੈਕੇ ਆਈਆਂ ਹੋ-ਉਹ ਸ਼ਰਮਿੰਦੀਆਂ ਹੋਈਆਂਪਰ ਇਕਜੋ ਉਨਾਂਨਾਲੋਂਉਮਰਦੀ ਵਡੀਅਤੇ ਸਮਝ ਵਾਲੀ ਸੀ ਉਸਨੇ ਆਖਿਆ—ਹਾਂ ਬਚਾ ਹੁਣ ਤੈਨੂੰ ਘਰ ਸਦਕੇ ਸਗਨ ਦਿਆਂ ਗੀਆਂ—ਇਹ ਆਖ ਆਪਣੇ ਘਰਾਂ ਨੂੰ ਚਲੀਆਂ ਗਈਆਂ-ਕੁਝ ਦਿਨਾਂ ਪਿਛੋਂ ਉਨਾਂ ਨੇ ਇਕ ਛਿੰਝ ਅਰੰਭ ਕੀਤਾ ਜਿਸ ਵਿਚ ਉਨਾਂ ਨੇ ਕਿਕਰ ਸਿੰਘ ਨੂੰ ਭੀ ਬੁਲਾਇਆ-ਕਿਕਰ ਸਿੰਘ ਬੈਠਾ ਹੀ ਹੋਇਆ ਸੀ ਕਿ ਬਹੁਤ ਸਾਰੇਜਟ ਵਡੀਆਂ ੨ ਡਾਂਗਾਂ ਹਥ ਵਿਚਲਈ ਆਗਏ ਅਰ ਨਾਲ ਹੀ ਉਨਾਂ ਦੇ ਉਹੀ ਇਸਤ੍ਰੀਆਂ ਭੀ ਸਨ-ਕਿਕਰ ਸਿੰਘ ਉਨਾਂ ਦੀ ਅਜਿਹੀ ਦਸ਼ਾ ਨੂੰ ਵੇਖ ਸੋਚ ਹੀ ਰਿਹਾ ਸੀ ਕਿ ਉਹ ਮਾਈ ਬੋਲੀ ਲੈ ਬਚਾ ਹੁਣ ਤੈਨੂੰ ਡਾਂਗਾਂ ਨਾਲ ਸ਼ਗਣ ਦਿੱਤਾ ਜਾਏਗਾ-ਤੈਨੂੰ ਘੋਲ ਲਈ ਨਹੀ ਬੁਲਾਇਆ ਸਗੋਂ ਸ਼ਗਨ ਦੇਨ ਲਈ ਬੁਲਾਇਆ ਹੈ-ਜਟ ਏਸ ਗਲ ਦੇ ਉਡੀਕ ਵਾਂਨ ਸਨ ਕਿ ਕਿਕਰ ਸਿੰਘ ਕੁਝ ਬੋਲੇ ਤਾਂ ਲਾਠੀ ਸੋਟਾ ਮੀਂਹ ਵਾਂਗ ਚਲੇ ਪਰ ਕਿਕਰ ਸਿੰਘ ਜਿਸਨੇ ਥਾਂ ਥਾਂ

*Original with:*
Language Department Punjab
*Digitized by:*
Panjab Digital Library

ਦਾ ਪਾਣੀ ਪੀਤਾ ਹੋਇਆ ਸੀ-ਝਟ ਹਥ ਜੋੜ ਖਲਾ ਹੋਗਿਆ ਅਰ ਉਨਾਂ ਮਾਈਆਂ ਥੀ ਖਿਮਾਂ ਮੰਗੀ–ਕਿਕਰ ਸਿੰਘ ਦੀ ਏਸ ਹਦੀਨਗੀ ਥੀ ਜਟਾਂ ਦੇ ਦਿਲਾਂ ਵਿਚ ਨਰਮੀ ਆ ਗਈ ਅਰ ਮੋਢਿਆਂ ਤੋਂ ਡਾਂਗਾਂ ਲਾ ਦਿਤੀਆਂ ਉਸ ਦਿਨ ਥੀ ਲੈਕੇ ਕਿਕਰ ਸਿੰਘ ਨੇ ਅਯੋਗ ਮਖੌਲ ਤੇ ਠੱਠਾ ਕਰਨਾ ਉੱਕਾ ਹੀ ਛੱਡ ਦਿੱਤਾ।

## ( ਕਿਕਰ ਸਿੰਘ ਦੀ ਮੌਤ )

ਕਿਕਰ ਸਿੰਘ ਦੀ ਮੌਤ ਭੀ ਇਕ ਸਿਖਿਆਦਾਇਕ ਵਾਕਿਆ ਹੈ–ਉਸਨੇ ਆਪਣੇ ਮਰਨ ਥੀ ਇਕ ਸਾਲ ਪਹਿਲਾਂ ਦਸ ਦਿੱਤਾ ਸੀ ਕਿ ਇਹ ਸਾਲ ਮੇਰਾ ਅੰਤ ਦਾ ਸਾਲ ਹੈ–ਉਸਦੇ ਇਸ ਨਜਮ ਨੂੰ ਲੋਕਾਂ ਨੇ ਮਖੌਲ ਵਿਚ ਉਡਾ ਦਿੱਤਾ–ਅਰ ਕਿਹਾ ਕਿ ਐਡਾ ਹੀ ਨਜੂਮੀ ਤੇ ਪੂਰਾ ਫਕੀਰ ਹੋਗਿਆ ਹੈ ਕਿ ਆਪਣੀ ਮੌਤ ਦੇ ਦਿਹਾੜੇ ਭੀ ਦਸਣ ਲਗ ਪਿਆ ਹੈ-- ਕਿਕਰ ਸਿੰਘ ਨੇ ਕਿਹਾ ਭਾਈ ਫਕੀਰ ਨਹੀ ਤਾਂ ਫਕੀਰ ਸਾਈ ਮੀਹਾਂ ਸਾਹ ਦਾ ਚੇਲਾ ਤਾਂ ਹਾਂ ਨਾਂ– ਖੈਰ ਗਲ ਆਈ ਗਈ ਹੋਈ ਪਰ ਜਦੋ ਕਦੀ ਬੋਹਦਾ ਜਤਾ ਜਰੂਰ ਦੇਂਦਾ ਕਿ ਇਹ ਸਾਲ ਮੇਰੇ ਲਈ ਅੰਤ ਦਾ ਸਾਲ ਹੈ--ਜਿਸ ਦੀ ਸਿਧੀ ਲਈ ਇਹ ਦਲੀਲ ਦਸਿਆ ਕਰਦਾ ਸੀ ਕਿ ਮੇਰੇ ਸਰੀਰ ਵਿਚ ਅਗੇ ਨਾਲੋ ਕਿਧਰੇ ਵਧਕੇ ਬਲ ਹੋ ਰਿਹਾ ਹੈ ਮਾਨੋ ਕਟਕ ਦਾ ਬਲ ਹੈ-- ਅਰ ਇਹੀ ਮੇਰੀ ਮੌਤਦੀ ਨਸ਼ਾਨੀ ਹੈ-- ਭਾਵੇ ਲੋਕ ਆਖਦੇ ਹਨਕਿ ਇਹ ਬਲ ਅਤੇ ਖੁਸ਼ੀ ਆਦ ਸਭਕੁਝ

*Original with:*
Language Department Punjab
*Digitized by:*
Panjab Digital Library

ਈਸਰ ਦੀ ਕ੍ਰਿਪਾ ਹੈ-- ਪਰ ਉਹ ਕਹਿੰਦਾ ਸਚ ਹੈ ਪ੍ਰੰਤੂਮੈਨੂੰ ਤਾਂ ਅੰਤ ਹੀ ਦਿਸਦਾ ਹੈ--ਏਨਾਂ ਹੀ ਖਿਚ ਖਿਚੀਆਂ ਵਿਚ ਬਹੁਤ ਸਾਰੇ ਘੋਲ ਕੀਤੇ ਅਰ ਰੁਪੈਯਾ ਕੁਮਾਲੀਤਾ ਸਾਲ ਭੀ ਆਪਣੇ ੧੧ ਹਿਸੇ ਗੁਜਾਰਗਿਆਅਰਥਾਤ੧੧ਮਹੀਨੇਗੁਜਰ ਗਏ-ਅਰ ਬਾਰਵਾਂ ਸ਼ੁਰੂ ਹੋਯਿਆ-ਮਾਨੋ ਪਹਿਲਵਾਨ ਦੀ ਮੌਤ ਦੇ ਦਿਨ ਆ ਗਏ-ਉਨਾਂ ਦਿਨਾਂ ਵਿਚ ਉਸਨੂੰ ਇਕ ਸੁਫਨਾ ਆਇਆ ਕਿ ਦੋ ਆਦਮੀ ਜੋ ਤਰਖਾਨ ਪ੍ਰਤੀਤ ਹੁੰਦੇ ਹਨ ਮੇਰੇ ਆਲੇ ਦੁਆਲੇ ਖਲੇ ਹਨ-ਅਖ ਖੁਲੀ ਤਾਂ ਕੀ ਵੇਖਦਾ ਹੈ ਕਿ ਉਸਦੇ ਪਠੇ ਤਾਸ਼, ਖੇਡ ਰਹੇ ਅਰ ਠੀਸਾਂ ਮਾਰ ਰਹੇ ਹਨ-ਕਿਕਰ ਸਿੰਘ ਨੇ ਉਸ ਵੇਲੇ ਸਾਂਈ ਮੀਹਾਂ ਸ਼ਾਹ ਨੂੰ ਬੁਲਾਯਾ ਆਪਣਾ ਸੁਫਨਾ ਸੁਣਾਇਆ ਜਿਸਦੇ ਉਤਰ ਵਿਚ ਸਾਂਈ ਜੀਨੇ ਕਿਹਾ ਕਿ ਇਹ ਤੁਹਾਡੇ ਭਰਮ ਦਾ ਚਿਤ੍ਰ ਹੈ-ਹੋਰ ਕੁਝ ਨਹੀਂ-ਉਸਦੇ ਚਾਚੇ ਦੇਵਾ ਸਿੰਘ ਨੇ ਕਿਹਾ ਸਾਂਈ ਜੀ ਇਸਨੂੰ ਵਹਿਮ ਬਹੁਤ ਹੋਗਿਆ ਹੈ ਹੈ ਏਹਦਾ ਕੁਝ ਇਲਾਜ ਕਰੋ ਅਜਿਹਾ ਨਾਂ ਹੋਵੇ ਕਿ ਕਿਧਰੇ ਸਿਰਨੂੰ ਗਰਮੀ ਖੁਸ਼ਕੀ ਹੋ ਜਾਵੇ-ਇਹ ਸੁਣ ਪਹਿਲਵਾਨ ਹਸ ਪਿਆ । ਅਰ ਕਿਹਾ ਕਿ ਦਿਨ ਪਾਉ ਬਦਾਮ ਘੋਟਕੇ ਪੀ ਲੈਂਦਾ ਹਾਂ ਹੁਣੇ ਗਰਮੀ ਖੁਸ਼ਕੀ ਦੂਰ ਹੋ ਜਾਇਗੀ ।

ਕੁਝ ਦਿਨਾਂ ਪਿਛੋਂ ਕਿਕਰ ਸਿੰਘ ਨੂੰ ਫੇਰ ਅਜਿਹਾ ਹੀ ਸੁਫਨਾ ਆ ਇਆ। ਕੋਲ ਇਕ ਬ੍ਰਾਹਮਣ ਸੀ ਉਨੂੰ ਉਠਾਇਆ ਅਰ ਪੁਛਿਆ ਕਿ ਕੀ ਵੇਲਾ ਹੈ-ਉਸਨੇ ਕਿਆ ਕਿ ਬਾਰਾਂ ਬਜੇ ਹਨ-ਉਸ ਵੇਲੇ ਭੀ ਉਸਦੇ ਪਠੇ ਤਾਸ਼ ਤੂਸ਼

*Original with:*
Language Department Punjab
*Digitized by:*
Panjab Digital Library

ਖੇਡ ਰਹੇ ਸਨ—ਇਹ ਪਠੇ ਕੇਵਲ ਕਿਕਰ ਸਿੰਘ ਦੀ ਜਾਨ ਅਤੇ ਧਨ ਦੀ ਰਾਖੀ ਲਈ ਟਿਕੇ ਰਹਿੰਦੇ ਸਨ ਕਿਉਂਕਿ ਉਨਾਂ ਦਿਨਾਂ ਵਿਚ ਜਬਰੂ ਆਦ ਡਾਕੂਆਂ ਨੇ ਉਸ ਇਲਾਕੇ ਵਿਚ ਡਰ ਪਾ ਰਖਿਆ ਸੀ ਪਹਿਲਵਾਨ ਨੇ ਦੂਜੇ ਸੁਫਨੇ ਨੂ ਆਪਣੇ ਖਿਆਲ ਦੀ ਪੈਂਢਤਾ ਮਨਝੀਤੀ ਲੋਕਾਂ ਨ ਉਸਦਾ ਇਹ ਇਕ ਨਕੰਮਾਂ ਵੈਹਮ ਸਮਝਕੇ ਉਸਨੂੰ ਇਸਤੋਂ ਹਟਾਂਨ ਦਾ ਜਤਨ ਕੀਤਾ—ਪਰ ਉਸ ਨੇ ਕਿਹਾ ਕਿ ਪੇਹਲਵਾਨ ਲਈ ਯੁਬਾ ਅਵਸੱਤਾ ਵਿਚ ਹੀ ਸੰਸਾਰ ਤਿਆਗਣਾ ਬਹੁਤ ਹਛਾ ਹੈ ਕਿਉਂਕਿ ਅੰਮ੍ਰਿਤਸਰੀ "ਧਾਸਾ" ਪਹਿਲਵਾਨ ਘੁਲ ਕਰਨ ਤੋਂ ਰਹ ਨਹੀਂ ਸਕਦਾ ਸੀ ਪਰ ਮਾਰ ਖਾਂਦਾ ਰਹਿੰਦਾ ਸੀ ਭਾਵੇਂ ਦਿਲ ਵਾਲਾ ਸੋ ਪਰ ਫੇਰ ਭੀ ਬੁਢਾਪਾ ਇਕ ਪ੍ਰਕਾਰ ਦਾ ਰੋਗ ਹੈ। ਲੋਕਾਂ ਨੇ ਬਥੇਰੀ ਤਸੱਲੀ ਕੀਤੀ ਪਰ ਉਸ ਨੂੰ ਪਕ ਨਿਸਚੇ ਹੋਗਿਆ ਸੀ ਇਸ ਲਈ ਉਸਨੇ ਬਹੁਤ ਸਾਰਾ ਦਾਨ ਪੁਨ ਬ੍ਰਾਹਮਣਾਂ ਨੂੰ ਕੀਤਾ ਗਊਆਂ ਮਣ ਸੋਆਂ ਅਰ ਜੋ ਮਿਲਦਾ ਉਸ ਕੋਲੋਂ ਬੋਲਿਆ ਚਾਲਿਆ ਬਖਸ਼ਾਂਦਾ—ਮਿਤਰ ਯਾਰ ਉਸਨੂੰ ਕਹਿੰਦੇ ਕਿ ਸਾਡਾ ਤੇਰੇ ਨਾਲ ਕੋਈ ਗੁਸਾ ਗਿਲਾ ਨਹੀਂ—ਏਨਾਂ ਦਿਨਾਂ ਵਿਚ ਭੀ ਠੇਕੇ ਦਾਰ ਦੰਗਲ ਲਈ ਆਉਂਦੇ ਰਹੇ।

## ਕਿਕਰ ਸਿੰਘ ਨੂੰ ਅੰਤ ਦੀ ਆਮਦਨੀ

ਕਿਕਰਸਿੰਘ ਨੇ ਛੇਕੜਲੇ ਦਿਨਾਂ ਵਿਚ ਲਗ ਭਗ ੭੦ਜਾਂ੮੦ ਘੋਲ ਘੁਲੇ ਜਿਨਾਂ ਤੋਂ ਉਸਨੂੰ ਆਪਣੇ ਖਿਆਲ ਤੋਂ ਵਧ

*Original with:*
Language Department Punjab
*Digitized by:*
Panjab Digital Library

ਆਮਦਨ ਹੋਈ—ਕੋਈ ਸਾੜਾ ਖਾਲੀ ਨਹੀ ਜਾਂਦਾ ਜਿਸ ਵਿਚ ਉਸ ਨਾਲ ਦੋ ਤਿਨੀ ਥਾਵਾਂ ਤੋਂ ਘੋਲਾਂ ਦੇ ਫੈਸਲੇ ਕਰਨ ਲਈ ਕੋਈ ਨਾ ਆਉਂਦਾ।

ਉਸਦੇ ਮਰਨ ਥੀ ਪੈਹਲਾਂ ਜਬਲ ਪੁਰ ਥੀ ਇਕ ਸੇਠ ਆਯਾ ਹੋਯਾ ਸੀ ਜਿਸਨੇ ਧਕੇ ਨਾਲ ਉਸਦੇ ਖੀਸੇ ਵਿਚ ਪੰਜਾਹ ਰੁਪੈ ਸੱਟ ਦਿਤੇ ਸਨ—ਭਾਵੇਂ ਉਸਨੇ ਨਾ ਨਿਬਰ ਕੀਤੀ ਪਰ ਸੇਠ ਨੇ ਜਰੂਰ ਹੀ ਦਿਤੇ—ਏਸੇਤ੍ਰਾਂ ਹੋਰ ਭੀ ਛੇ ਸਤ ਥਾਵਾਂ ਤੋਂ ਬਿਆਨਾ ਆਯਾ ਹੋਇਆ ਸੀ ਜੋ ਮੋੜਨਾ ਪਿਆ—ਮੁਕਦੀ ਗਲ ਛੋਕੜ ਸਮੇ ਭੀ ਪੈਹਲਵਾਨ ਨੇ ਆਪਣੇ ਘੋਲ ਦੁਆਰਾ ਬਹੁਤ ਰੁਪੈਯਾ ਕਮਾਯਾ ਕਿਕਰ ਸਿੰਘ ਨੇ ਜਿਹਾ ਕਿ ਤਾਸ ਖੇਡਨ ਵਾਲਿਆਂ ਲਈ ਥਾਂ ਅਤੇ ਸਾਮਾਨ ਬਨਵਾਇ ਹੋਇ ਸਨ ਉਜਿਹੇ ਨਮਾਜ਼ੀ ਲੋਕਾਂ ਲਈ ਨਮਾਜ ਪੜ੍ਹਨ ਵਾਸਤੇ ਬੜੀ ਸੁੰਦਰ ਅਤੇ ਏਕਾਂਤ ਜਗਹਾ ਜੋ ਹਰ ਤ੍ਰਾਂ ਸਾਫ ਅਰ ਉਨਾ ਦੇ ਮੰਨ ਭਾਉਂਦੀ ਸੀ ਬਨਾ ਰਖੀ ਸੀ ਏਸੇ ਤ੍ਰਾਂ ਹੋਰ ਲੋਕਾਂ ਲਈ ਅੱਡ ੨ ਥਾਵਾਂ ਸਨ—ਈਸਰ ਦੀ ਕੁਦਰਤ ਜੇਹੜੇ ਵਾਰ ਕੇ ਉਹ ਇਸ ਸੰਸਾਰ ਵਿਚ ਮਾਤਾ ਦੇ ਗਰਭ ਦੁਆਰਾਆਇਆ ਉਸੇ ਵਾਰ ਅਰਥਾਤ ਮੰਗਲ ਵਾਰ ਵਾਲੇ ਦਿਨ ਇਸ ਸੰਸਾਰ ਅਸਾਰ ਥੀ ਸਦਾ ਲਈ ਵਿਦਾ ਹੋਗਿਆ।

ਮਰਨ ਵਾਲੇ ਦਿਨ ਭੀ ਕਿਕਰ ਸਿੰਘ ਨੇ ਆਪਣੇ ਯਾਰਾਂ ਮਿਤ੍ਰਾਂ ਅਤੇ ਸਾਕ ਸੁਬੰਧੀਆਂ ਨੂੰ ਕਿਹ ਦਿਤਾ ਕਿ ਮੈ ਅਜ ਇਸ ਸੰਸਾਰ ਤੋਂ ਚਲਾ ਜਾਵਾਂਗਾ ਭਾਂਵੇਂ ਲੋਕ ਇਹ ਕਹਿੰਦੇ ਰਹੇ ਕਿ ਤੂੰ ਚੰਗਾ ਭਲਾ ਹੈ ਕੋਈ ਰੋਗ ਅਤੇ ਤਕ

Original with:
Language Department Punjab
Digitized by:
Panjab Digital Library

ਲੀਫ ਨਹੀ ਤੂੰ ਏਸ ਵੈਹਮ ਨੂ ਛਡਦੇ ਪਰ ਉਸ ਦੇ ਮੂੰਹੋਂ ਕੁਦਰਤ ਸਚ ਅਖਵਾ ਰਹੀ ਸੀ–ਉਸਦੇ ਚਾਚੇ ਨੇ ਸਾਈਂ ਮੀਹਾਂ ਸ਼ਾਹ ਨੂੰ ਆਖਿਆ ਕਿ ਇਹ ਕੀ ਗਲ ਹੈ- ਸਾਈਂ ਜੀ ਨੇ ਆਖਿਆ ਭਾਈ ਜਿਨ ਨਿਕਲ ਜਾਂਦਾ ਹੈ ਪਰ ਜਨ ਨਹੀ ਨਿਕਲ ਦਾ ਅੰਤ ਵੇਲੇ ਕਿਕਰ ਸਿੰਘ ਨੇ ਸਾਈਂ ਮੀਹਾਂ ਸਾਹ ਨੂੰ ਸਦਕੇ ਕਿਹਾ ਕਿ ਤੁਸੀ ਆਪਣੇ ਪਿੰਡ ਚਲੇ ਜਾਉ ਤਾਂ ਕਿ ਮੇਰੀ ਮੌਤ ਤੋਂ ਤੁਹਾਨੂੰ ਖੇਦ ਨਾਂ ਪੁਜੇ ਕਿਉਂਕੇ ਤੁਹਾਨੂੰ ਮੇਰੇ ਨਾਲ ਸ਼ੁਰੂ ਤੋ ਹੀ ਬਹੁਤ ਪਿਆਰ ਹੈ ਸਾਂਈ ਜੀ ਉਸਦੀਆਂ ਗਲਾਂ ਸੁਣ ਕਹਨ ਲਗੇ ਕਿ ਕਿਕਰ ਸਿੰਘ ਤੂੰ ਬੜਾ ਸਿਆਣਾ ਹੋਗਿਆ ਹੈ ਲੌ ਹਛਾ ਜੇ ਇਉਂ ਹੀ ਹੋਣਾਂ ਹੈ ਤਾਂ ਇਹ ਨਹੀ ਹੋ ਸਕਦਾ ਕਿ ਸਾਰੀ ਉਮਰ ਤੇਰੇ ਨਾਲ ਰਹੀਏ ਅਰ ਅੰਤ ਨੂੰ ਤੈਨੂ ਛਡ ਜਾਈਏ। ਪਰ ਕਿਕਰ ਸਿੰਘ ਨੇ ਨਾਂ ਮੰਨਿਆਂ ਅਰ ਸਾਂਈ ਨੂੰ ਪਿੰਡ ਘਲ ਦਿੱਤਾ। ਫੇਰ ਜਦ ਅਧੀਕੁ ਰਾਤ ਦਾ ਵੇਲਾ ਹੋਯਾ ਤਾਂ ਆਦਮੀ ਭੇਜ ਸਾਈਂ ਨੂ ਬੁਲਾ ਲਿਆ। ਸਾਂਈ ਹੋਰਾਂ ਦੇ ਆਓਨ ਤੋਂ ਥੋੜੇ ਚਿਰ ਪਿਛੋ ਕਿਕਰ ਸਿੰਘ ਗਲਾਂ ਕਥਾ ਕਰਦਿਆਂ ਹੀ ਲੱਤਾ ਪਸਾਰ ਪਿਆ। ਉਸ ਵੇਲੇ ਸਾਂਈ ਜੀ ਨੇ ਉਨਾਂ ਪਠਿਆਂ ਨੂੰ ਆਖਿਆ ਕਿ ਵੇਖੋ ਖਾਂ ਪਹਿਲਵਾਨ ਕਿਉਂ ਚੁਪ ਹੋਗਿਆ ਹੈਉਨਾਂ ਆਖਿਆ ਐਵੇ ਦੜਵਟੀਪਿਆ ਹੈ–ਆਪ ਉਠਕੇ ਸਾਂਈ ਨੇ ਵੇਖਿਆ ਤਾਂ ਓਹ ਠੰਢਾ ਹੋਇਆ ਪਿਆ ਸੀ-ਡਾਕਟਰ ਹਕੀਮ ਬੁਲਾਇ ਗਏ ਜਿਨਾਂ ਨੇ ਕਹਾ ਕਿ ਸਚ ਮੁਚ ਮ੍ਰਿਤੂ ਹੋਗਿਆ ਹੈ।

Original with:
Language Department Punjab
Digitized by:
Panjab Digital Library

ਉਸਦੀ ਮੌਤ ਨੇ ਸਾਰੇ ਪਿੰਡ ਵਿਚ ਅਫਰਾਤਫਰੀਪਾਦਿਤੀ ਅਰ ਲੋਕਾਂ ਨੇ ਇਸ ਜੁਆਨੀ ਦੀ ਮੌਤ ਤੇ ਹਜਾਰ ੨ ਅਥਰੂ ਕੇਰੇ। ਹਰ ਪਾਸਿਓ ਰੋਣ ਕੁਰਲਾਨ ਦੀ ਆਵਾਜ਼ ਆਉਂਦੀ ਸੀ। ਜਿਸ ਦਿਹਾੜੇ ਇਹ ਪ੍ਰਸਿਧ ਪੈਹਲਵਾਨ ਇਸ ਸੰਸਾਰ ਅਸਾਰ ਤੋਂ ਆਪਣੀ ੫੭ ਸਾਲਦੀ ਆਯੂ ਵਿਚ ੨ ਪੁਤ੍ਰ ਅਤੇ ਬਹੁਤ ਸਾਰਾ ਮਾਲ ਛਡਕੇ ਚਲਾਣਾ ਕਰ ਗਿਆ ਸੀ ਉਸ ਦਿਨ ਫਗਣ ੭ ਸੰਮਤ ੧੯੭੦ ਅੰਗ੍ਰੇਜੀ ਮਹੀਨੇ ਫਰਵਰੀ ਦੀ ੧੯ ਸੰਨ ੧੯੧੪ ਸੀ।

ਕਿਕਰ ਸਿੰਘ ਦਾ ਛੋਟਾ ਪੁਤਰ ਜਿਸਦਾ ਨਾਉ ਸੂਰਤ ਸਿੰਘ ਹੈ ਆਸ਼ਾ ਹੈ ਕਿ ਓਹ ਪਿਓ ਵਾਲੀ ਥਾਂ ਨੂੰ ਮਲੇਗਾ।

# ਛੇਕੜ ਦੀ ਬਿਨੇ

ਸਜਨ ਜੀ ਕਿਕਰ ਸਿੰਘ ਦੇ ਜੀਵਨ ਸਮਾਚਾਰ ਬੜੇ ਜਤਨ ਨਾਲ ਸਹੀ ਸਹੀ ਪ੍ਰਾਪਤ ਕਰਕੇ ਆਪ ਦੀ ਸੇਵਾ ਵਿਖੇ ਭੇਟਾ ਕੀਤੇ ਜਾਂਦੇ ਹਨ—ਆਪਣੇ ਵਲੋਂ ਭਾਵੇਂ ਬਹੁਤ ਸਾਰਾ ਜਤਨ ਅਤੇ ਉਪਰਾਲਾ ਕੀਤਾ ਗਿਆ, ਪਰ ਫੇਰ ਭੀ ਜੇ ਕੋਈ ਹੋਰ ਗਲ ਜਾਂ ਵਾਕਿਆ ਜਿਸ ਨੂੰ ਤੁਸੀ ਕਿਕਰ ਸਿੰਘ ਸੰਬੰਧੀ ਸਮਝ ਸਕਦੇ ਹੋਵੋ ਚਿਠੀ ਦੁਆਰਾ ਦਸ ਕੇ ਕ੍ਰਿਤਾਰਥ ਕਰੋ ਦਾਸ ਆਪਦਾ ਧੰਨਵਾਦੀ ਹੋਵੇਗਾ।

**ਦਾਸ ਮੁਨਸ਼ੀ ਮੌਲਾ ਬਖ਼ਸ਼, ਕੁਸਤਾ**

ਕਰਤਾ ਹੀਰ ਅਤੇ ਰਾਂਝਾ ਅੰਮ੍ਰਿਤਸਰ

Original with:
Language Department Punjab
Digitized by:
Panjab Digital Library

# ਹੀਰ ਰਾਂਝਾ
## ਤੇ ਪੰਜਾਬ ਦੇ ਕਵੀਆਂ ਦੇ ਸਮਾਚਾਰ

ਪੰਜਾਬੀ ਵਿਦਿਆ ਵਿਚ ਇਹ ਪੈਹਲਾ ਕਿਸਾ ਹੈ ਜਿਸਦੇ ਨਾਲ ਪੰਜਾਬੀ ਕਵੀਆਂ ਦਾ ਜੀਵਨ ਸਮਾਚਾਰ ਦਸਿਆ ਗਿਆ ਹੈ। ਉਕਤ ਪੁਸਤਕ ਦੇ ਤਿੰਨ ਭਾਗ ਹਨ ਪੈਹਲੇ ਭਾਗ ਵਿਚ ਹੀਰ ਰਾਂਝੇ ਦੇ ਜੀਵਨ ਸਮਾਚਾਰ ਇਤਿਹਾਸਕ ਤਰੀਕੇ ਨਾਲ ਦਸੇ ਗਏ ਹਨ।

ਦੂਜੇ ਭਾਗ ਵਿਚ ਪੰਜਾਬੀ ਕਵਿਤਾ ਵਿਚ ਹੀਰ ਰਾਂਝੇ ਦਾ ਕਿਸਾ ਹੈ। ਜਿਸਦੀ ਪਰਸੰਸਾ ਨੇ ਮਹਾਰਾਜ ਸਰ ਕ੍ਰਿਸਨ ਪ੍ਰਸਾਦ ਵਜ਼ੀਰ ਹੈਦਰਾ ਬਾਦ ਦਖਨ ਅਰ ਸਰਦਾਰ ਊਧਮ ਸਿੰਘ ਜੀ ਐਮ. ਆਰ. ਏ. ਐਸ. ਲੰਡਨ ਆਦ ਅਰ ਅਖਬਾਰ ਟਰੀਬੀਊਨ ਅਰ ਖਾਲਸਾ ਸਮਾਚਾਰ ਆਦ ਨੇ ਬੜੇ ਜੋਰ ਨਾਲ ਰੀਵੀਊ ਕੀਤੇ ਹਨ।

ਤੀਜੇ ਭਾਗ ਵਿਚ ਏਹ ਦਸਿਆ ਹੈ ਕਿ ਪੰਜਾਬੀ ਕਵਿਤਾ ਦਾ ਆਦ ਕਦ ਅਤੇ ਕਿਥੇ ਹੋਇਆ ਅਰ ਉਸ ਵੇਲੇ ਤੋ ਅਜ ਤੋੜੀ ਪੰਜਾਬੀ ਕਵੀ ਕੌਣ ੨ ਤੇ ਕੇਹੜੇ ੨ ਤੇ ਕਿਥੇ ੨ ਅਰ ਕਿਸ ੨ ਸਮੇ ਵਿਚ ਹੋਏ। ਮੋਖ ।।।)

ਪਤਾ

**ਮੁਨਸ਼ੀ ਮੌਲਾ ਬਖਸ਼ 'ਕੁਸ਼ਤਾ' ਮੈਨੇਜਰ**
**ਅੰਮ੍ਰਤਬੁਕਡਿਪੂ ਫਾਬ ਖਈਕਾਂ ਅੰਮ੍ਰਤਸਰ**

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

*Original with:*
Language Department Punjab
*Digitized by:*
Panjab Digital Library